# ਮੁਕਟ ਅਤੇ ਫਲ

ਫ੍ਰੈਂਕਲਿਨ ਦੇ ਨੋਟਸ

## I. ਜਾਣ-ਪਛਾਣ

**ਮੁਕਤੀ** ਅਤੇ **ਫਲ** ਦੇ ਵਿੱਚ ਵੱਡਾ ਅੰਤਰ ਹੈ।

- **ਮੁਕਤੀ ਪਰਮੇਸ਼ੁਰ ਦੀ ਬਖ਼ਸ਼ੀਸ਼ ਹੈ, ਇਹ ਕਰਨੀਆਂ ਤੋਂ ਨਹੀਂ** (ਅਫਸੀਆਂ 2:8-9)। ਮੁਕਤੀ ਯਿਸੂ ਮਸੀਹ ਦੇ **ਪੂਰੇ ਕੀਤੇ ਗਏ ਕੰਮ** ਦੇ ਵਿੱਚ **ਵਿਸ਼ਵਾਸ ਦੇ ਦੁਆਰਾ** ਪ੍ਰਾਪਤ ਹੁੰਦੀ ਹੈ (ਯੂਹੰਨਾ 3:36)। **ਉਸ ਦੇ ਕੰਮਾਂ** ਉੱਤੇ ਅਧਾਰਿਤ, **ਸਾਡਿਆਂ ਉੱਤੇ ਨਹੀਂ**।

- **ਫਲ ਵਿਸ਼ਵਾਸੀ** ਦੇ **ਕੰਮਾਂ** ਦੇ ਅਨੁਸਾਰ ਹਨ।
  ਕੰਮ ਇੱਕ ਵਿਅਕਤੀ ਨੂੰ ਕਿਸੇ ਵੀ ਢੰਗ ਨਾਲ ਸਦੀਪਕ ਜੀਵਨ ਦੇ ਯੋਗ **ਨਹੀਂ** ਬਣਾਉਂਦੇ।
  ਕਿਉਂ ਜੋ ਮਨੁੱਖ ਦਾ ਪੁੱਤਰ ਆਪਣੇ ਦੂਤਾਂ ਸਣੇ ਆਪਣੇ ਪਿਤਾ ਦੇ ਤੇਜ ਨਾਲ ਆਵੇਗਾ ਅਤੇ ਉਸ ਸਮੇ ਉਹ ਹਰੇਕ ਨੂੰ **ਉਹ ਦੀ ਕਰਨੀ** ਮੂਜਬ **ਫਲ** ਦੇਵੇਗਾ। ਮੱਤੀ 16:27

- ਸਦੀਪਕ ਮੰਜ਼ਿਲ ਉਸ ਉੱਤੇ ਅਧਾਰਿਤ ਹੈ ਜੋ ਤੁਸੀਂ ਇਸ ਧਰਤੀ ਉੱਤੇ **ਵਿਸ਼ਵਾਸ** ਕਰਦੇ ਹੋ।
- ਸਦੀਪਕ ਮੁਆਵਜ਼ਾ " " ਤੁਸੀਂ ਧਰਤੀ ਉੱਤੇ ਕਿਵੇਂ **ਵਿਸ਼ਵਾਸ** ਕਰਦੇ ਹੋ।

ਇੱਥੇ ਕੁਝ ਬਹੁਤ ਮਹੱਤਵਪੂਰਣ ਬੁਨਿਆਦੀ ਬਚਨ ਹਨ:

ਪਰਕਾਸ਼ ਦੀ ਪੋਥੀ 11:15-18 ਫੇਰ ਸੱਤਵੇਂ ਦੂਤ ਨੇ ਤੁਰ੍ਹੀ ਵਜਾਈ, ਤਾਂ ਸੁਰਗ ਵਿੱਚ ਵੱਡੀ ਅਵਾਜ਼ ਇਹ ਆਖਦਿਆਂ ਆਈ,—ਜਗਤ ਦਾ ਰਾਜ ਸਾਡੇ ਪ੍ਰਭੂ ਦਾ ਅਤੇ ਉਹ ਦੇ ਮਸੀਹ ਦਾ ਹੋ ਗਿਆ ਹੈ, (ਮੈਂ ਇਸ ਦਿਨ ਲਈ ਪ੍ਰਾਰਥਨਾ ਕਰਦਾ ਹਾਂ ਅਤੇ ਇਸ ਦੀ ਉਡੀਕ ਕਰਦਾ ਹਾਂ) ਅਤੇ **ਉਹ ਜੁੱਗੋ ਜੁੱਗ ਰਾਜ ਕਰੇਗਾ! . . . . ਮੁਰਦਿਆਂ ਦਾ** ਸਮਾ ਆ ਪਹੁੰਚਾ ਭਈ ਓਹਨਾਂ ਦਾ **ਨਿਆਉਂ** ਹੋਵੇ ਅਤੇ ਤੂੰ **ਆਪਣੇ ਦਾਸਾਂ ਨੂੰ** ਅਰਥਾਤ ਨਬੀਆਂ ਨੂੰ, **ਸੰਤਾਂ ਨੂੰ**, ਅਤੇ ਓਹਨਾਂ ਨੂੰ ਜੋ ਤੇਰੇ ਨਾਮ ਤੋਂ ਭੈ ਰੱਖਦੇ ਹਨ, ਕੀ ਛੋਟੇ ਕੀ ਵੱਡੇ ਨੂੰ **ਫਲ ਦੇਵੇਂ**, ਅਤੇ ਓਹਨਾਂ ਦਾ ਨਾਸ ਕਰੇਂ ਜੋ ਧਰਤੀ ਦਾ ਨਾਸ ਕਰਨ ਵਾਲੇ ਹਨ!

2 ਕੁਰਿੰਥੀਆਂ 5:9-10 ਇਸੇ ਲਈ ਅਸਾਂ ਇਹ **ਧਾਰਨਾ** ਧਾਰੀ ਕਿ ਭਾਵੇਂ ਅਸੀਂ ਦੇਸ ਭਾਵੇਂ ਪਰਦੇਸ ਵਿੱਚ ਹੋਈਏ ਪਰ **ਉਹ ਨੂੰ ਭਾਉਂਦੇ ਰਹੀਏ**। 10 ਕਿਉਂ ਜੋ **ਅਸਾਂ ਸਭਨਾਂ ਨੇ ਮਸੀਹ ਦੇ ਨਿਆਉਂ ਦੇ ਸਿੰਘਾਸਣ** ਦੇ ਅੱਗੇ **ਪਰਗਟ ਹੋਣਾ ਹੈ** ਭਈ ਹਰੇਕ **ਜੋ ਕੁਝ ਉਸ ਨੇ** ਦੇਹੀ ਵਿੱਚ **ਕੀਤਾ** ਭਾਵੇਂ ਭਲਾ ਭਾਵੇਂ ਬੁਰਾ ਆਪੋ **ਆਪਣੀਆਂ ਕਰਨੀਆਂ** ਦੇ ਅਨੁਸਾਰ ਉਹ ਦਾ **ਫਲ ਭੋਗੇ**।

ਰੋਮੀਆਂ 14:9-12 ਕਿਉਂ ਜੋ ਇਸੇ ਕਾਰਨ ਮਸੀਹ ਮੋਇਆ ਅਤੇ ਫੇਰ ਜੀ ਪਿਆ ਭਈ **ਮੁਰਦਿਆਂ ਦਾ, ਨਾਲੇ ਜੀਉਂਦਿਆਂ ਦਾ ਪ੍ਰਭੂ ਹੋਵੇ**। 10 ਪਰ ਤੂੰ ਆਪਣੇ ਭਰਾ ਉੱਤੇ ਕਾਹਨੂੰ ਦੋਸ਼ ਲਾਉਂਦਾ ਹੈਂ ਅਥਵਾ ਫੇਰ ਤੂੰ ਆਪਣੇ ਭਰਾ ਨੂੰ ਕਿਉਂ ਤੁੱਛ ਜਾਣਦਾ ਹੈਂ? **ਕਿਉਂ ਜੋ ਅਸੀਂ ਸੱਭੇ ਪਰਮੇਸ਼ੁਰ ਦੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਖੜੇ ਹੋਵਾਂਗੇ**। 11 ਕਿਉਂ ਜੋ ਇਹ ਲਿਖਿਆ ਹੋਇਆ ਹੈ,-ਪ੍ਰਭੂ ਆਖਦਾ ਹੈ, ਆਪਣੀ ਜਿੰਦ ਦੀ ਸੌਂਹ, ਹਰ ਇੱਕ ਗੋਡਾ ਮੇਰੇ ਅੱਗੇ ਨਿਵੇਗਾ, ਅਤੇ ਹਰ ਇੱਕ ਜੀਭ ਪਰਮੇਸ਼ੁਰ ਦੇ ਅੱਗੇ ਇਕਰਾਰ ਕਰੇਗੀ। 12 ਸੋ **ਸਾਡੇ ਵਿੱਚੋਂ ਹਰੇਕ ਨੇ ਪਰਮੇਸ਼ੁਰ ਨੂੰ ਆਪੋ ਆਪਣਾ ਲੇਖਾ ਦੇਣਾ ਹੈ**।

1 ਕੁਰਿੰਥੀਆਂ 3:8-15 **ਫਲ** ਦੇ ਬਾਰੇ ਇੱਕ ਸਪਸ਼ਟ ਕਰਨ ਵਾਲਾ ਬਚਨ ਹੈ

ਲਾਉਣ ਵਾਲਾ ਅਤੇ ਸਿੰਜਣ ਵਾਲਾ ਦੋਵੇਂ ਇੱਕ ਹਨ ਪਰ **ਹਰੇਕ ਆਪੋ ਆਪਣੀ ਮਿਹਨਤ ਦੇ** ਅਨੁਸਾਰ **ਆਪੋ ਆਪਣਾ ਫਲ ਪਾਵੇਗਾ।** (9) ਕਿਉਂ ਜੋ ਅਸੀਂ ਕੰਮ ਕਰਨ ਵਿੱਚ ਪਰਮੇਸ਼ੁਰ ਦੇ **ਸਾਂਝੀ** ਹਾਂ। ਤੁਸੀਂ ਪਰਮੇਸ਼ੁਰ ਦੀ ਖੇਤੀ ਅਰ ਪਰਮੇਸ਼ੁਰ ਦਾ ਭਵਨ ਹੋ। (10) ਪਰਮੇਸ਼ੁਰ ਦੀ ਕਿਰਪਾ ਦੇ ਅਨੁਸਾਰ ਜੋ ਮੈਨੂੰ ਦਾਨ ਹੋਈ ਹੈ ਮੈਂ ਸਿਆਣੇ ਰਾਜ ਮਿਸਤਰੀ ਵਾਂਙੁ ਨੀਂਹ ਰੱਖੀ ਅਤੇ ਦੂਜਾ ਉਸ ਉੱਤੇ ਉਸਾਰੀ ਕਰਦਾ ਹੈ। ਸੋ **ਹਰੇਕ ਸੁਚੇਤ ਰਹੇ ਭਈ ਕਿਸ ਤਰਾਂ ਦੀ ਉਸਾਰੀ ਕਰਦਾ ਹੈ।** (11) ਕਿਉਂ ਜੋ ਉਸ ਨੀਂਹ ਤੋਂ ਬਿਨਾ ਜੋ ਰੱਖੀ ਹੋਈ ਹੈ ਦੂਜੀ ਕੋਈ ਨਹੀਂ ਰੱਖ ਸੱਕਦਾ ਅਰ ਉਹ ਯਿਸੂ ਮਸੀਹ ਹੈ। (12) ਪਰ **ਜੇ ਕੋਈ** ਇਹ ਨੀਂਹ ਉੱਤੇ ਸੋਨੇ, ਚਾਂਦੀ, ਬਹੁਮੁੱਲੇ ਪੱਥਰਾਂ, ਲੱਕੜਾਂ, ਘਾਹ ਅਤੇ ਭੋ ਦੀ **ਉਸਾਰੀ ਕਰੇ।** (13) **ਤਾਂ ਹਰੇਕ ਦਾ ਕੰਮ ਪਰਗਟ ਹੋਵੇਗਾ** ਕਿਉਂ ਜੋ ਉਹ ਦਿਨ **ਉਸ ਨੂੰ ਉਘਾੜ ਦੇਵੇਗਾ** ਇਸ ਲਈ ਜੋ ਉਹ ਅੱਗ ਨਾਲ ਪਰਕਾਸ਼ ਹੁੰਦਾ ਹੈ ਅਤੇ ਅੱਗ **ਆਪੇ ਹਰੇਕ ਦਾ ਕੰਮ ਪਰਖ ਦੇਵੇਗੀ ਭਈ ਉਹ ਕਿਸ ਪਰਕਾਰ ਦਾ ਹੈ।** (14) **ਜੇ ਕਿਸੇ ਦਾ ਕੰਮ** ਜਿਹੜਾ ਉਹ ਨੇ ਬਣਾਇਆ ਸੀ ਟਿਕਿਆ ਰਹੇਗਾ ਤਾਂ **ਉਹ ਨੂੰ ਬਦਲਾ ਮਿਲੇਗਾ।** (15) ਜੇ ਕਿਸੇ ਦਾ ਕੰਮ ਸੜ ਜਾਵੇ ਤਾਂ **ਉਹ ਦੀ ਹਾਨੀ ਹੋ ਜਾਵੇਗੀ ਪਰੰਤੂ ਉਹ ਆਪ ਤਾਂ ਬਚ ਜਾਵੇਗਾ** ਪਰ ਸੜਦਿਆਂ ਸੜਦਿਆਂ।

- ਰਾਜ ਦੇ ਵਿੱਚ ਅਤੇ ਰਾਜ ਦੇ ਲਈ "ਲਾਉਣ ਵਾਲਾ ਅਤੇ ਸਿੰਜਣ ਵਾਲਾ" ਹਰੇਕ ਵਿਸ਼ਵਾਸੀ ਆਪੋ ਆਪਣੀ ਮਿਹਨਤ (ਆਇਤ 8) ਦੇ ਅਨੁਸਾਰ ਫਲ ਪਾਵੇਗਾ।

- ਸਾਰੇ ਵਿਸ਼ਵਾਸੀ ਪਰਮੇਸ਼ੁਰ ਦੇ ਮਕਸਦ ਨੂੰ ਪੂਰਾ ਕਰਨ ਲਈ ਕੰਮ ਕਰਨ ਵਿੱਚ ਪਰਮੇਸ਼ੁਰ ਦੇ ਸਾਂਝੀ (ਆਇਤ 9) ਹਨ। **ਮੁਕਤੀ ਲਈ ਨਹੀਂ ਪਰ ਫਲ ਲਈ।**

- ਵਿਸ਼ਵਾਸੀ ਨੇ ਨੀਂਹ ਉੱਤੇ ਉਸਾਰੀ ਕਰਨੀ ਹੈ – ਯਿਸੂ ਮਸੀਹ।

- ਵਿਸ਼ਵਾਸੀ ਦੋ ਤਰ੍ਹਾਂ ਦੇ ਉਸਾਰੀ ਦੇ ਸਮਾਨ ਵਿੱਚ **ਚੋਣ** ਕਰ ਸਕਦੇ ਹਨ:
ਸੋਨੇ, ਚਾਂਦੀ, ਬਹੁਮੁੱਲੇ ਪੱਥਰਾਂ – ਉਹ ਬਹੁਤ ਕੀਮਤੀ ਹਨ ਅਤੇ ਹਮੇਸ਼ਾ ਸਾਡੇ ਨਾਲ ਹਨ – ਸਦੀਪਕ ਸਮਾਨ।
ਜਾਂ ਲੱਕੜਾਂ, ਘਾਹ ਅਤੇ ਭੋ – ਘੱਟ ਕੀਮਤੀ ਅਤੇ ਜਲਦੀ ਨਾਸ ਹੋਣ ਵਾਲੇ – ਅਸਥਾਈ ਸਮਾਨ (ਆਇਤ 12)।

  2 ਕੁਰਿੰਥੀਆਂ 4:18 ਅਸੀਂ ਦਿੱਸਣ ਵਾਲੀਆਂ ਵਸਤਾਂ ਨੂੰ ਤਾਂ ਨਹੀਂ ਸਗੋਂ ਅਣਡਿੱਠ ਵਸਤਾਂ ਵੱਲ ਧਿਆਨ ਕਰਦੇ ਹਾਂ ਕਿਉਂ ਜੋ **ਦਿੱਸਣ ਵਾਲੀਆਂ** ਵਸਤਾਂ **ਅਨਿੱਤ ਹਨ** ਪਰ **ਅਣਡਿੱਠ** ਵਸਤਾਂ **ਨਿੱਤ ਹਨ।**

ਧਰਤੀ ਉੱਤੇ ਕੀਤੀਆਂ ਗਈਆਂ ਤੁਹਾਡੀਆਂ ਚੋਣਾਂ ਦਾ ਸਿੱਧਾ ਅਸਰ ਤੁਹਾਡੇ ਸਦੀਪਕ ਜੀਵਨ ਉੱਤੇ ਪੈਂਦਾ ਹੈ।

- ਧਰਤੀ ਦੇ ਉੱਤਲਾ ਜੀਵਨ ਸਮਾਂ ਰੇਖਾ ਉੱਤੇ ਕੇਵਲ ਇੱਕ ਬਿੰਦੂ ਹੀ ਹੈ। ਸਦੀਪਕਤਾ ਦੇ ਜੀਵਨ ਦਾ ਕਦੇ ਅੰਤ ਨਹੀਂ ਹੁੰਦਾ>>>>>

**ਹਰੇਕ ਸੁਚੇਤ ਰਹੇ ਭਈ** ਨੀਂਹ ਉੱਤੇ **ਕਿਸ ਤਰਾਂ ਦੀ ਉਸਾਰੀ ਕਰਦਾ ਹੈ** (ਜਿਵੇਂ ਉਸ ਦੇ ਬਚਨ ਦੁਆਰਾ ਸਿਖਾਇਆ ਗਿਆ ਹੈ) ਪਰ ਇਸ ਲਈ ਵੀ ਕਿ ਅਸੀਂ **ਕੀ** ਉਸਾਰਦੇ ਹਾਂ।

ਸਾਡੀਆਂ ਇਮਾਰਤਾਂ, ਕਾਰੋਬਾਰ, ਕੰਮ-ਧੰਦੇ, ਖੋਜਾਂ ਅਤੇ ਰਚਨਾਵਾਂ ਅਖੀਰ ਸਾਰੀਆਂ ਸੜ੍ਹ ਜਾਣਗੀਆਂ ਅਤੇ ਵਿਅਰਥ ਹੋਣਗੀਆਂ।

ਮਿਹਨਤ ਜੋ ਬਣੀ ਰਹੇਗੀ ਅਤੇ ਜਿਸ ਦੀ ਸਦੀਪਕ ਕੀਮਤ ਅਤੇ ਫਲ ਹੈ, ਉਹ ਲੋਕਾਂ ਦੇ ਆਤਮਿਕ ਜੀਵਨ ਅਤੇ ਚਰਿੱਤਰ ਹਨ। ਇਹੋ ਹੈ **ਜਿਸ ਦੀ** ਉਸਾਰੀ ਅਸੀਂ ਯਿਸੂ ਮਸੀਹ ਦੀ ਨੀਂਹ ਉੱਤੇ ਕਰਨੀ ਹੈ।

ਵਿਸ਼ਵਾਸੀ ਜੋ "**ਨੀਂਹ**" - ਯਿਸੂ ਮਸੀਹ - ਉੱਤੇ ਸਦੀਪਕ ਸਮਾਨ, ਸਨੇ ਚਾਂਦੀ, ਬੁਹਮੁੱਲੇ ਪੱਥਰਾਂ ਨਾਲ ਉਸਾਰੀ ਕਰਦਾ ਹੈ **ਉਹ ਫਲ ਪਾਵੇਗਾ**। ਉਹ ਜਿਹੜੇ ਅਸਥਾਈ ਸਮਾਨ ਨਾਲ ਲੱਕੜਾਂ, ਘਾਹ ਅਤੇ ਭੋ ਨਾਲ ਉਸਾਰੀ ਕਰਦੇ ਹਨ, **ਕੋਈ ਫਲ ਪ੍ਰਾਪਤ ਨਹੀਂ ਕਰਨਗੇ।**

ਲੱਕੜਾਂ, ਘਾਹ ਅਤੇ ਭੋ ਦੇ ਕੰਮ "ਮਸੀਹ ਦੇ ਨਿਆਂ ਦੇ ਸਿੰਘਾਸਣ" ਦੇ ਅੱਗੇ ਨਾਸ ਹੋ ਜਾਣਗੇ (2 ਕੁਰਿੰਥੀਆਂ 5:10) ਅਤੇ ਵਿਸ਼ਵਾਸੀ ਦਾ ਨੁਕਸਾਨ ਹੋਵੇਗਾ - **ਮੁਕਤੀ ਦਾ ਨੁਕਸਾਨ ਨਹੀਂ, ਪਰ ਫਲ ਦਾ ਨੁਕਸਾਨ।**

> (15) ਜੇ ਕਿਸੇ ਦਾ ਕੰਮ ਸੜ ਜਾਵੇ ਤਾਂ **ਉਹ ਦੀ ਹਾਨੀ ਹੋ ਜਾਵੇਗੀ ਪਰੰਤੂ ਉਹ ਆਪ ਤਾਂ ਬਚ ਜਾਵੇਗਾ** ਪਰ ਸੜਦਿਆਂ ਸੜਦਿਆਂ।

**ਕੁਝ** ਵਿਸ਼ਵਾਸੀ "ਮਸੀਹ ਦੇ ਨਿਆਂ ਦੇ ਸਿੰਘਾਸਣ" ਦੇ ਅੱਗੇ **ਸ਼ਰਮਿੰਦੇ** ਹੋਣਗੇ, ਆਪਣੇ "ਲੱਕੜਾਂ, ਘਾਹ ਅਤੇ ਭੋ" ਦੇ ਕੰਮਾਂ ਕਾਰਨ ਸ਼ਰਮਿੰਦੇ ਹੋਣਗੇ।

> 1 ਯੂਹੰਨਾ 2:28 ਅਤੇ ਹੁਣ ਹੇ ਬੱਚਿਓ, ਤੁਸੀਂ ਉਹ ਦੇ ਵਿੱਚ ਕਾਇਮ ਰਹੋ ਭਈ ਜਦ ਉਹ ਪਰਗਟ ਹੋਵੇ ਤਾਂ ਸਾਨੂੰ ਦਿਲੇਰੀ ਹੋਵੇ ਅਤੇ ਉਹ ਦੇ ਆਉਣ ਦੇ ਵੇਲੇ ਅਸੀਂ ਉਹ ਦੇ ਅੱਗੇ **ਲੱਜਿਆਵਾਨ ਨਾ ਹੋਈਏ।**

> ਪਰਕਾਸ਼ ਦੀ ਪੋਥੀ 3:11 ਮੈਂ ਛੇਤੀ ਆਉਂਦਾ ਹਾਂ। ਜੋ ਕੁਝ ਤੇਰੇ ਕੋਲ ਹੈ ਸੋ **ਤਕੜਾਈ ਨਾਲ ਫੜੀ ਰੱਖ** ਕਿਤੇ **ਐਉਂ ਨਾ ਹੋਵੇ ਭਈ ਕੋਈ ਤੇਰਾ ਮੁਕਟ ਲੈ ਜਾਵੇ।**

ਬਚਨ ਦੇ ਵਿੱਚ ਸਜ਼ਾ ਅਤੇ ਫਲ ਦੇ ਬਹੁਤ ਸਾਰੇ ਹਵਾਲੇ ਹਨ। ਅਤੇ ਹਰੇਕ ਵਿਅਕਤੀ ਮਨ ਵਿੱਚ ਜਾਣਦਾ ਹੈ ਕਿ ਨਿਆਂ ਦਾ ਇੱਕ ਦਿਨ ਹੈ।

> ਜ਼ਬੂਰ 58:11 ਤਾਂ ਆਦਮੀ ਆਖੇਗਾ, **ਧਰਮੀ** ਦੇ ਲਈ **ਫਲ ਤਾਂ ਹੈ ਹੀ,** ਸੱਚ ਮੁੱਚ ਇੱਕ ਪਰਮੇਸ਼ੁਰ ਹੈ ਜਿਹੜਾ ਧਰਤੀ ਉੱਤੇ **ਨਿਆਉਂ ਕਰਦਾ ਹੈ!**

## II. ਫਲ ਇਸ ਦੇ ਲਈ ਦਿੱਤੇ ਜਾਣਗੇ:

### 1. ਇੱਕ ਧਰਮੀ ਜੀਵਨ ਜੀਉਣਾ:

ਜ਼ਬੂਰ 1 **ਧੰਨ** ਹੈ ਉਹ ਮਨੁੱਖ ਜਿਹੜਾ ਦੁਸ਼ਟਾਂ ਦੀ ਮੱਤ ਉੱਤੇ ਨਹੀਂ ਚੱਲਦਾ, ਨਾ ਪਾਪੀਆਂ ਦੇ ਰਾਹ ਵਿੱਚ ਖੜਾ ਰਹਿੰਦਾ . . .

ਮੱਤੀ 5:11-12 ਧੰਨ ਹੋ ਤੁਸੀਂ ਜਾਂ ਮਨੁੱਖ ਮੇਰੇ ਕਾਰਨ ਤੁਹਾਨੂੰ **ਬੋਲੀਆਂ ਮਾਰਨਗੇ** ਅਤੇ **ਸਤਾਉਣਗੇ** ਅਤੇ ਹਰੇਕ **ਬੁਰੀ ਗੱਲ** ਤੁਹਾਡੇ ਉੱਤੇ **ਝੂਠ ਮੂਠ** ਲਾਉਣਗੇ। (12) ਅਨੰਦ ਹੋਵੋ ਅਤੇ ਖ਼ੁਸ਼ੀ ਕਰੋ ਕਿਉਂ ਜੋ **ਤੁਹਾਡਾ ਫਲ ਸੁਰਗ ਵਿੱਚ ਬਹੁਤ ਹੈ** ਇਸ ਲਈ ਜੋ ਉਨ੍ਹਾਂ ਨੇ ਤੁਹਾਥੋਂ ਅਗਲਿਆਂ ਨਬੀਆਂ ਨੂੰ ਇਸੇ ਤਰਾਂ ਸਤਾਇਆ ਸੀ।

ਕਹਾਉਤਾਂ 11:18 ਦੁਸ਼ਟ ਝੂਠੀ **ਮਜੂਰੀ** ਲੈਂਦਾ ਹੈ, ਪਰ ਜਿਹੜਾ **ਧਰਮ** ਬੀਜਦਾ ਹੈ ਉਹ ਨੂੰ **ਸੱਚਾ ਫਲ** ਮਿਲਦਾ ਹੈ।

ਮੱਤੀ 6:1 ਖ਼ਬਰਦਾਰ, ਤੁਸੀਂ ਆਪਣੇ **ਧਰਮ** ਦੇ ਕੰਮ ਮਨੁੱਖਾਂ ਦੇ ਸਾਹਮਣੇ **ਉਨ੍ਹਾਂ ਨੂੰ ਵਿਖਾਉਣ** ਲਈ ਨਾ ਕਰੋ ਨਹੀਂ ਤਾਂ ਤੁਹਾਡੇ ਪਿਤਾ ਕੋਲ ਜਿਹੜਾ ਸੁਰਗ ਵਿੱਚ ਹੈ ਤੁਹਾਡਾ **ਕੁਝ ਫਲ ਨਹੀਂ**।

- ਪਰਮੇਸ਼ੁਰ **ਸਾਡੇ ਇਰਾਦਿਆਂ** ਦੀ ਚਿੰਤਾ ਕਰਦਾ ਹੈ, ਜੋ ਅਸੀਂ ਕਰਦੇ ਹਾਂ ਕਿਉਂ ਕਰਦੇ ਹਾਂ। ਸਾਨੂੰ ਆਪਣੇ ਆਪ ਨੂੰ ਪੁੱਛਣਾ ਚਾਹੀਦਾ ਹੈ, "ਮੈਂ ਇਹ ਕਿਉਂ ਕਰ ਰਿਹਾ ਹਾਂ? ਮੈਂ ਕਿਸ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ?" (ਗਲਾਤੀਆਂ 1:10; 1 ਸਮੂਏਲ 16:7)

ਇਬਰਾਨੀਆਂ 11:23-27 ਨਿਹਚਾ ਨਾਲ ਮੂਸਾ ਨੇ ਜਾਂ ਸਿਆਣਾ ਹੋਇਆ ਤਾਂ ਫ਼ਿਰਊਨ ਦੀ ਧੀ ਦਾ ਪੁੱਤਰ ਅਖਵਾਉਣ ਤੋਂ **ਇਨਕਾਰ ਕੀਤਾ**। (25) ਕਿਉਂ ਜੋ ਉਹ ਨੇ ਪਾਪ ਦੇ ਭੋਗ ਬਿਲਾਸ **ਨਾਲੋਂ** ਜੋ ਥੋੜੇ ਚਿਰ ਲਈ ਹੈ ਪਰਮੇਸ਼ੁਰ ਦੀ ਪਰਜਾ ਨਾਲ **ਜਬਰੀ ਝੱਲਣ ਨੂੰ** ਬਾਹਲਾ ਪਸੰਦ ਕੀਤਾ। (26) ਅਤੇ ਉਹ ਨੇ ਵਿਚਾਰ ਕੀਤਾ ਭਈ **ਮਸੀਹ ਦੇ ਨਮਿੱਤ ਨਿੰਦਿਆ ਜਾਣਾ** ਮਿਸਰ ਦੇ ਖ਼ਜ਼ਾਨਿਆਂ ਨਾਲੋਂ **ਵੱਡਾ ਧਨ ਹੈ** ਕਿਉਂ ਜੋ **ਫਲ ਵੱਲ ਉਹ ਦਾ ਧਿਆਨ ਸੀ**। (ਮੱਤੀ 6:19-21)

ਮਸਲਾ ਇਹ ਹੈ: ਧਰਤੀ ਦਾ ਖਜ਼ਾਨਾ ਜਾਂ ਸਵਰਗ ਦਾ ਖਜ਼ਾਨਾ?
ਤੁਹਾਡੀਆਂ **ਚੋਣਾਂ** ਕੀ ਪਰਗਟ ਕਰਦੀਆਂ ਹਨ ਕਿ ਤੁਸੀਂ ਕਿਹੜੇ ਖਜ਼ਾਨੇ ਦੀ ਖੋਜ ਕਰ ਰਹੇ ਹੋ?

2. ਫਲ ਇਸ ਦੇ ਲਈ ਦਿੱਤੇ ਜਾਣਗੇ: **ਪਰਮੇਸ਼ੁਰ ਦੇ ਬਚਨ ਦੀ ਆਗਿਆਕਾਰੀ ਕਰਨ ਦੇ ਲਈ:**

ਜ਼ਬੂਰ 19:7-11 ਯਹੋਵਾਹ ਦੀ **ਬਿਵਸਥਾ** ਪੂਰੀ ਪੂਰੀ ਹੈ . . . **ਸਾਖੀ** (8) **ਫ਼ਰਮਾਨ** . . . **ਹੁਕਮ** . . . (9) ਯਹੋਵਾਹ ਦਾ **ਭੈ** . . . ਯਹੋਵਾਹ ਦੇ **ਨਿਆਉਂ** . . . (10) ਓਹ ਸੋਨੇ ਨਾਲੋਂ ਸਗੋਂ ਬਹੁਤ ਕੁੰਦਨ ਸੋਨੇ ਨਾਲੋਂ ਮਨ ਭਾਉਂਦੇ ਹਨ, ਅਤੇ ਸ਼ਹਿਤ ਅਤੇ ਮਖੀਲ ਦਿਆਂ ਚੋਇਆਂ ਨਾਲੋਂ ਵੀ ਮਿੱਠੇ ਹਨ। (11) ਨਾਲੇ **ਉਨ੍ਹਾਂ ਤੋਂ** ਤੇਰਾ ਦਾਸ **ਚਿਤਾਇਆ** ਜਾਂਦਾ ਹੈ, ਅਰ ਉਨ੍ਹਾਂ ਦੇ **ਮੰਨਣ** ਵਿੱਚ **ਵੱਡਾ ਲਾਭ** ਹੈ।

3. ਫਲ ਇਸ ਦੇ ਲਈ ਹਨ: **ਦੂਸਰਿਆਂ ਦੇ ਨਾਲ ਉਸ ਤਰ੍ਹਾਂ ਦਾ ਵਿਹਾਰ ਕਰਨਾ ਜਿਸ ਤਰ੍ਹਾਂ ਦਾ ਯਿਸੂ ਉਨ੍ਹਾਂ ਨਾਲ ਕਰੇਗਾ:**

ਲੂਕਾ 6:35 011 ਪਰ **ਤੁਸੀਂ ਆਪਣਿਆ ਵੈਰੀਆਂ ਨਾਲ ਪਿਆਰ ਕਰੋ** ਅਤੇ ਉਨ੍ਹਾਂ ਦਾ **ਭਲਾ ਕਰੋ**। ਨਿਰਾਸ ਨਾ ਹੋ ਕੇ **ਉਧਾਰ ਦਿਓ** ਤਾਂ ਤੁਹਾਡਾ **ਫਲ ਬਹੁਤ ਹੋਵੇਗਾ** ਅਤੇ ਤੁਸੀਂ ਅੱਤ ਮਹਾਨ ਦੇ **ਪੁੱਤਰ** ਹੋਵੋਗੇ ਕਿ ਉਹ ਨਾ ਸ਼ੁਕਰਿਆਂ ਅਤੇ ਦੁਸ਼ਟਾਂ ਉੱਤੇ ਦਿਆਲੂ ਹੈ।

- "ਪੁੱਤਰਾਂ" ਦੇ ਇਸ ਤਰ੍ਹਾਂ ਜੀਉਣ ਦੇ ਲਈ ਪਰਿਪੱਕਤਾ ਦੀ ਜ਼ਰੂਰਤ ਹੈ।

ਕਹਾਉਤਾਂ 25:21-22 ਜੇ **ਤੇਰਾ ਵੈਰੀ** ਭੁੱਖਾ ਹੋਵੇ ਤਾਂ ਉਹ ਨੂੰ ਰੋਟੀ ਖੁਆ, ਅਤੇ ਤਿਹਾਇਆ ਹੋਵੇ ਤਾਂ ਉਹ ਨੂੰ ਪਾਣੀ ਪਿਆ, (22) ਕਿਉਂ ਜੋ ਤੂੰ ਉਹ ਦੇ ਸਿਰ ਉੱਤੇ ਅੰਗਿਆਰਿਆਂ ਦਾ ਢੇਰ ਲਾਵੇਂਗਾ, ਅਤੇ **ਯਹੋਵਾਹ ਤੈਨੂੰ ਫਲ ਦੇਵੇਗਾ**।

"ਉਸ ਦੇ ਸਿਰ ਉੱਤੇ ਅੰਗਿਆਰਿਆਂ ਦੇ ਢੇਰ" ਅਰਥ ਹੈ, ਜੋ ਇਸ ਸੰਸਾਰ ਦੀ ਤੁਲਨਾ ਵਿੱਚ ਸਹੀ ਹੈ ਉਸ ਦੀ ਇੱਕ ਜੀਉਂਦੀ ਉਦਾਹਰਣ ਦੇ ਦੁਆਰਾ "ਸਜ਼ਾ"।

ਮੱਤੀ 6:2 ਸੋ ਜਦ ਤੂੰ **ਦਾਨ ਕਰੇਂ** ਆਪਣੇ ਮੁਹਰੇ ਤੁਰਹੀ ਨਾ ਬਜਵਾ ਜਿਸ ਪਰਕਾਰ ਕਪਟੀ ਸਮਾਜਾਂ ਅਤੇ ਰਸਤਿਆਂ ਵਿੱਚ ਕਰਦੇ ਹਨ ਭਈ ਲੋਕ ਉਨ੍ਹਾਂ ਦੀ ਵਡਿਆਈ ਕਰਨ। ਮੈਂ ਤੁਹਾਨੂੰ ਸਤ ਆਖਦਾ ਹਾਂ ਜੋ **ਓਹ ਆਪਣਾ ਫਲ ਪਾ ਚੁੱਕੇ।** (4) ਭਈ ਤੇਰਾ ਦਾਨ ਗੁਪਤ ਵਿੱਚ ਹੋਵੇ ਅਤੇ **ਤੇਰਾ ਪਿਤਾ** ਜਿਹੜਾ ਗੁਪਤ ਵਿੱਚ ਵੇਖਦਾ ਹੈ **ਤੈਨੂੰ ਫਲ ਦੇਵੇ।**

ਸਾਡੇ ਕੋਲ ਹਮੇਸ਼ਾ **ਇੱਕ ਚੋਣ** ਹੈ ਕਿ ਅਸੀਂ **ਸੰਸਾਰਿਕ** ਜਾਂ **ਸਵਰਗੀ ਫਲ** ਨੂੰ ਚੁਣੀਏ। ਇਹ ਇਸ ਦਾ ਮਸਲਾ ਹੈ ਕਿ ਅਸੀਂ **ਕਿਸ** ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰਦੇ ਹਾਂ।

ਲੂਕਾ 14:13-14 ਪਰ ਜਾਂ ਤੂੰ ਦਾਉਤ ਕਰੇਂ ਤਾਂ ਕੰਗਾਲਾਂ, ਟੁੰਡਿਆਂ, ਲੰਙਿਆਂ, ਅੰਨ੍ਹਿਆਂ ਨੂੰ ਸੱਦ। 14 ਅਤੇ **ਤੂੰ ਧੰਨ ਹੋਵੇਂਗਾ** ਕਿਉਂ ਜੋ ਤੇਰਾ ਬਦਲਾ ਦੇਣ ਨੂੰ ਉਨ੍ਹਾਂ ਕੋਲ ਕੁਝ ਨਹੀਂ ਹੈ ਸੋ **ਤੈਨੂੰ** ਧਰਮੀਆਂ ਦੀ **ਕਿਆਮਤ** ਵਿੱਚ **ਬਦਲਾ ਦਿੱਤਾ ਜਾਵੇਗਾ।** (1 ਥੱਸਲੁਨੀਕੀਆਂ 4:16; ਪਰਕਾਸ਼ ਦੀ ਪੋਥੀ 20:6)

ਮੱਤੀ 10:40-42 ਜਿਹੜਾ ਤੁਹਾਨੂੰ ਕਬੂਲ ਕਰੇ ਉਹ ਮੈਨੂੰ ਕਬੂਲ ਕਰਦਾ ਹੈ ਅਤੇ ਜਿਹੜਾ ਮੈਨੂੰ ਕਬੂਲ ਕਰੇ ਉਹ ਮੇਰੇ ਘੱਲਣ ਵਾਲੇ ਨੂੰ ਕਬੂਲ ਕਰਦਾ ਹੈ। (41) ਜਿਹੜਾ ਨਬੀ ਦੇ ਨਾਉਂ ਉੱਤੇ ਨਬੀ ਨੂੰ ਕਬੂਲ ਕਰੇ ਉਹ ਨਬੀ ਦਾ **ਫਲ** ਪਾਵੇਗਾ ਅਤੇ ਜਿਹੜਾ ਧਰਮੀ ਦੇ ਨਾਉਂ ਉੱਤੇ ਧਰਮੀ ਨੂੰ ਕਬੂਲ ਕਰੇ ਉਹ ਧਰਮੀ ਦਾ **ਫਲ** ਪਾਵੇਗਾ। ਜੇ ਕੋਈ ਇਨ੍ਹਾਂ ਛੋਟਿਆਂ ਵਿੱਚੋਂ ਇੱਕ ਨੂੰ ਚੇਲੇ ਦੇ ਨਾਉਂ ਉੱਤੇ ਨਿਰਾ **ਇੱਕ ਕਟੋਰਾ ਠੰਢੇ ਪਾਣੀ ਦਾ ਪਿਆਵੇ** ਮੈਂ ਤੁਹਾਨੂੰ ਸਤ ਆਖਦਾ ਹਾਂ ਕਿ ਉਹ **ਆਪਣਾ ਫਲ** ਕਦੀ ਨਾ ਗੁਆਵੇਗਾ।

ਭਲਾਈ ਜਾਂ ਦੂਸਰਿਆਂ ਦੀ ਚਿੰਤਾ ਲਈ ਇੱਕ ਛੋਟਾ ਜਿਹਾ ਕੰਮ ਸਾਡੇ ਪਿਤਾ ਦੁਆਰਾ ਚਾਹਿਆ, ਵੇਖਿਆ, ਉਤਸ਼ਾਹਿਤ ਕੀਤਾ ਅਤੇ ਉਸ ਦੇ ਲਈ ਫਲ ਦਿੱਤਾ ਜਾਂਦਾ ਹੈ।

ਮਰਕੁਸ 9:41 ਇਸ ਲਈ ਕਿ ਜਿਹੜਾ ਤੁਹਾਨੂੰ ਇੱਕ ਕਟੋਰਾ ਪਾਣੀ ਦਾ ਪੀਣ ਨੂੰ **ਦੇਵੇ** ਇਸ ਕਰਕੇ ਜੋ ਤੁਸੀਂ ਮਸੀਹ ਦੇ ਹੋ ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਉਹ **ਆਪਣਾ ਫਲ** ਪਾਏ ਬਿਨਾ ਕਦੇ ਨਾ ਰਹੇਗਾ।

ਇਬਰਾਨੀਆਂ 10:34-37 ਕਿਉਂ ਜੋ ਤੁਸੀਂ **ਕੈਦੀਆਂ** ਦੇ **ਦਰਦੀ** ਹੋਏ, ਨਾਲੇ ਆਪਣੇ **ਧਨ** ਦੇ **ਲੁੱਟ ਜਾਣ** ਨੂੰ **ਅਨੰਦ ਨਾਲ** ਮੰਨ ਲਿਆ ਇਹ ਜਾਣ ਕੇ ਭਈ ਸਾਡਾ ਇੱਕ ਧਨ ਇਸ ਨਾਲੋਂ ਉੱਤਮ ਅਤੇ ਅਟੱਲ ਹੈ। (35) ਸੋ ਤੁਸਾਂ ਆਪਣੀ **ਦਿਲੇਰੀ** ਨੂੰ ਕਿਤੇ ਗੁਆ ਨਾ ਬੈਠਣਾ ਕਿ ਉਹ ਦਾ **ਵੱਡਾ ਫਲ** ਹੈ। (36) ਕਿਉਂ ਜੋ ਤੁਹਾਨੂੰ **ਧੀਰਜ** ਕਰਨ ਦੀ ਲੋੜ ਹੈ ਭਈ **ਤੁਸੀਂ ਪਰਮੇਸ਼ੁਰ ਦੀ ਇੱਛਿਆ ਨੂੰ ਪੂਰਿਆਂ ਕਰ ਕੇ ਵਾਇਦੇ ਨੂੰ ਪਰਾਪਤ ਕਰੋ।** (37) ਇਹ ਲਿਖਿਆ ਹੈ,–ਹੁਣ ਥੋੜਾ ਜਿਹਾ ਚਿਰ ਹੈ, **ਜੋ ਆਉਣ ਵਾਲਾ ਆਵੇਗਾ**, ਅਤੇ ਚਿਰ ਨਾ ਲਾਵੇਗਾ।

4. **ਫਲ ਪ੍ਰਾਰਥਨਾ ਅਤੇ ਵਰਤ ਦੇ ਵਿੱਚ ਵਫ਼ਾਦਾਰ ਰਹਿਣ ਦੇ ਲਈ ਦਿੱਤੇ ਜਾਂਦੇ ਹਨ:**

ਮੱਤੀ 6:6 ਪਰ ਜਾਂ **ਤੂੰ ਪ੍ਰਾਰਥਨਾ ਕਰੇਂ** ਤਾਂ ਆਪਣੀ ਕੋਠੜੀ ਵਿੱਚ ਵੜ ਅਤੇ ਆਪਣਾ ਬੂਹਾ ਭੇੜ ਕੇ ਆਪਣੇ ਪਿਤਾ ਤੋਂ ਜਿਹੜਾ ਗੁਪਤ ਹੈ ਪ੍ਰਾਰਥਨਾ ਕਰ ਅਤੇ **ਤੇਰਾ ਪਿਤਾ** ਜਿਹੜਾ ਗੁਪਤ ਵਿੱਚ ਵੇਖਦਾ ਹੈ **ਤੈਨੂੰ ਫਲ ਦੇਵੇਗਾ।**

ਮੱਤੀ 6:18 **ਤੂੰ** ਮਨੁੱਖਾਂ ਨੂੰ ਨਹੀਂ ਪਰ ਆਪਣੇ ਪਿਤਾ ਨੂੰ ਜਿਹੜਾ ਗੁਪਤ ਹੈ **ਵਰਤੀ** ਮਲੂਮ ਹੋਵੇਂ ਅਤੇ ਤੇਰਾ ਪਿਤਾ ਜਿਹੜਾ ਗੁਪਤ ਵਿੱਚ ਵੇਖਦਾ ਹੈ **ਤੈਨੂੰ ਫਲ ਦੇਵੇਗਾ**।

5. **ਫਲ ਤੁਹਾਡੇ ਆਪਣੀ ਸੇਵਾ ਦੇ ਵਿੱਚ ਵਫ਼ਾਦਾਰ ਰਹਿਣ ਦੇ ਲਈ ਦਿੱਤੇ ਜਾਂਦੇ ਹਨ ਅਤੇ ਸੇਵਾ ਨੂੰ ਆਰਥਿਕ ਲਾਭ ਲਈ ਨਾ ਕਰਨ ਲਈ:**

1 ਕੁਰਿੰਥੀਆਂ 9:17-18 ਇਸ ਲਈ ਕਿ ਜੇ ਮੈਂ ਇਹ ਕੰਮ **ਆਪਣੀ ਹੀ ਭਾਉਣੀ** ਨਾਲ ਕਰਦਾ ਹਾਂ ਤਾਂ ਮੇਰੇ ਲਈ **ਫਲ** ਹੈ ਪਰ ਜੇ ਆਪਣੀ ਭਾਉਣੀ ਤੋਂ ਬਿਨਾ ਤਾਂ **ਮੁਖ਼ਤਿਆਰੀ** ਮੈਨੂੰ ਸੌਂਪੀ ਹੋਈ ਹੈ। (18) ਤਾਂ ਮੇਰੇ ਲਈ ਕੀ **ਫਲ** ਹੈ? ਇਹ, ਕਿ ਜਾਂ ਮੈਂ ਖੁਸ਼ ਖਬਰੀ ਸੁਣਾਵਾਂ ਤਾਂ ਖੁਸ਼ ਖਬਰੀ ਨੂੰ ਮੁਫਤ ਰੱਖਾਂ ਭਈ ਖੁਸ਼ ਖਬਰੀ ਵਿੱਚ ਜੋ ਮੇਰਾ ਹੱਕ ਹੈ ਮੈਂ ਉਹ ਨੂੰ ਪੂਰਾ ਨਾ ਕਰਾਂ।

ਕੁਲੁੱਸੀਆਂ 3:23-24 ਜੋ ਕੁਝ ਤੁਸੀਂ ਕਰੋ ਸੋ **ਚਿੱਤ ਲਾ ਕੇ** ਪ੍ਰਭੂ ਦੇ ਲਈ **ਕਰੋ**, ਨਾ ਮਨੁੱਖਾਂ ਦੇ ਲਈ। (24) ਕਿਉਂਕਿ ਤੁਸੀਂ ਜਾਣਦੇ ਹੋ ਭਈ **ਤੁਹਾਨੂੰ** ਪ੍ਰਭੂ ਤੋਂ ਅਧਕਾਰ ਦਾ **ਫਲ ਮਿਲੇਗਾ**। ਤੁਸੀਂ ਮਸੀਹ ਪ੍ਰਭੂ ਦੀ ਸੇਵਾ ਕਰਦੇ ਹੋ।

ਮੱਤੀ 24:44-47 ਇਸ ਲਈ **ਤੁਸੀਂ** ਵੀ **ਤਿਆਰ ਰਹੋ** ਕਿਉਂਕਿ ਜਿਸ ਘੜੀ ਤੁਹਾਨੂੰ ਚਿੱਤ ਚੇਤਾ ਨਾ ਹੋਵੇ ਉਸੇ ਘੜੀ ਮਨੁੱਖ ਦਾ ਪੁੱਤਰ ਆ ਜਾਵੇਗਾ। 45 ਉਪਰੰਤ ਉਹ **ਮਾਤਬਰ** ਅਤੇ **ਬੁੱਧਵਾਨ ਨੌਕਰ** ਕੌਣ ਹੈ ਜਿਹ ਨੂੰ ਮਾਲਕ ਨੇ ਆਪਣੇ ਚਾਕਰਾਂ ਉੱਤੇ ਮੁਖ਼ਤਿਆਰ ਕੀਤਾ ਭਈ ਵੇਲੇ ਸਿਰ ਉਨ੍ਹਾਂ ਨੂੰ ਰਸਤ ਦੇਵੇ? 46 **ਧੰਨ** ਉਹ ਨੌਕਰ ਜਿਹ ਨੂੰ ਉਸ ਦਾ ਮਾਲਕ ਜਦ ਆਵੇ **ਅਜਿਹਾ ਹੀ ਕਰਦਿਆਂ** ਵੇਖੇ। 47 ਮੈਂ ਤੁਹਾਨੂੰ ਸਤ ਆਖਦਾ ਹਾਂ ਜੋ **ਉਹ ਉਸ ਨੂੰ ਆਪਣੇ ਸਾਰੇ ਮਾਲ ਮਤਾ ਉੱਤੇ ਮੁਖ਼ਤਿਆਰ ਕਰ ਦੇਵੇਗਾ।**

- ਸਾਨੂੰ ਹੁਣ ਆਪਣੀ ਦੂਸਰਿਆਂ ਦੀ ਸੇਵਾ ਕਰਨ ਦੀ ਸੇਵਕਾਈ ਦੇ ਵਿੱਚ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਵਿੱਚ ਵਫ਼ਾਦਾਰ ਰਹਿਣਾ ਚਾਹੀਦਾ ਹੈ। ਕਿਉਂਕਿ ਉਹ ਜਦ ਆਵੇਗਾ **ਸਦੀਪਕਤਾ ਦੇ ਲਈ ਸਾਡੀਆਂ ਜ਼ਿੰਮੇਵਾਰੀਆਂ ਅਤੇ ਸਾਡੀ ਪਦਵੀ** ਸਾਡੀ ਹੁਣ ਦੀ ਵਫ਼ਦਾਰੀ ਦੇ ਦੁਆਰਾ **ਨਿਰਧਾਰਿਤ** ਕੀਤੀ ਜਾਵੇਗੀ।

- ਪਰਕਾਸ਼ ਦੀ ਪੋਥੀ 5:10 ਅਤੇ ਓਹਨਾਂ ਨੂੰ ਸਾਡੇ ਪਰਮੇਸ਼ੁਰ ਲਈ, ਇੱਕ ਪਾਤਸ਼ਾਹੀ ਅਤੇ ਜਾਜਕ ਬਣਾਇਆ, ਅਤੇ **ਓਹ ਧਰਤੀ ਉੱਤੇ ਰਾਜ ਕਰਨਗੇ।** (2 ਤਿਮੋਥਿਉਸ 2:11-12; ਪਰਕਾਸ਼ ਦੀ ਪੋਥੀ 11:15; 20:6; 22:5)

  ਸਦੀਪਕਤਾ ਦੇ ਵਿੱਚ ਰਾਜ ਕਰਨ ਦੀ ਸਾਡੀ ਪਦਵੀ ਇਸ ਦੇ ਦੁਆਰਾ ਨਿਰਧਾਰਿਤ ਕੀਤੀ ਜਾਵੇਗੀ ਕਿ ਅਸੀਂ ਦੂਸਰਿਆਂ ਦੀ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਕਿੰਨੇ ਵਫ਼ਾਦਾਰ ਹਾਂ।

ਤੋੜਿਆਂ ਦਾ ਦ੍ਰਿਸ਼ਟਾਂਤ ਸਾਨੂੰ ਸਿਖਾਉਂਦਾ ਹੈ ਕਿ ਸਦੀਪਕਤਾ ਦੇ ਵਿੱਚ ਸਾਡਾ ਫਲ ਉਸ ਦੇ ਦੁਆਰਾ ਨਿਰਧਾਰਿਤ ਕੀਤਾ ਜਾਂਦਾ ਹੈ ਜੋ ਅਸੀਂ ਉਸ ਨਾਲ ਕਰਦੇ ਹਾਂ ਜੋ ਸਾਨੂੰ ਦਿੱਤਾ ਗਿਆ ਹੈ।

ਜੋ ਸਾਨੂੰ ਦਿੱਤਾ ਗਿਆ ਹੈ, ਅਸੀਂ ਉਸ ਵਿੱਚ ਕਿੰਨੇ ਵਫ਼ਾਦਾਰ ਅਤੇ ਮਿਹਨਤੀ ਹਾਂ।

ਮੱਤੀ 25:14-15 ਇਹ ਗੱਲ ਤਾਂ ਉਸ ਮਨੁੱਖ ਵਰਗੀ ਹੈ ਜਿਹ ਨੇ ਪਰਦੇਸ ਨੂੰ ਜਾਣ ਲੱਗਿਆਂ ਆਪਣੇ ਚਾਕਰਾਂ ਨੂੰ ਸੱਦ ਕੇ **ਆਪਣਾ ਮਾਲ ਉਨ੍ਹਾਂ ਨੂੰ ਸੌਂਪਿਆ**। 15 ਅਤੇ **ਇੱਕ ਨੂੰ ਪੰਜ** ਤੋੜੇ, ਦੂਏ ਨੂੰ **ਦੋ** ਅਤੇ ਤੀਏ ਨੂੰ **ਇੱਕ, ਹਰੇਕ ਨੂੰ ਉਹ ਦੇ ਗੁਣ ਦੇ ਅਨੁਸਾਰ ਦਿੱਤਾ** ਤਾਂ ਪਰਦੇਸ ਨੂੰ ਚੱਲਿਆ ਗਿਆ . . . . . .

- ਪ੍ਰਭੂ ਸਵਰਗ ਨੂੰ ਵਾਪਸ ਚਲਾ ਗਿਆ ਅਤੇ ਸਾਨੂੰ ਉਸ ਦੇ ਨਾਲ ਛੱਡ ਗਿਆ ਜੋ ਸਾਨੂੰ ਉਸ ਨੇ ਦਿੱਤਾ ਹੈ

- 1 ਕੁਰਿੰਥੀਆਂ 4:7 ਕਿਉਂ ਜੋ ਤੈਨੂੰ ਦੂਏ ਤੋਂ ਭਿੰਨ ਕੌਣ ਕਰਦਾ ਹੈ ਅਤੇ **ਤੇਰੇ** ਕੋਲ ਕੀ **ਹੈ** ਜੋ ਤੈਂ ਦੂਏ ਤੋਂ **ਨਹੀਂ ਲਿਆ**?

- ਰੋਮੀਆਂ 12:6 ਸੋ ਸਾਨੂੰ ਉਸ ਕਿਰਪਾ ਦੇ ਅਨੁਸਾਰ ਜੋ ਸਾਨੂੰ ਦਾਨ ਹੋਈ **ਵੱਖੋ ਵੱਖਰੀਆਂ ਦਾਤਾਂ** ਮਿਲੀਆਂ। ਫੇਰ ਜੇ **ਉਹ ਨਬੁੱਵਤ ਹੋਵੇ ਤਾਂ ਆਪਣੀ ਨਿਹਚਾ ਦੇ ਸਮਾਨ ਨਬੁੱਵਤ ਕਰੀਏ**

- 1 ਪਤਰਸ 4:10 ਹਰੇਕ ਨੂੰ ਜਿਹੀ **ਦਾਤ ਮਿਲੀ** ਓਸ ਨਾਲ **ਇੱਕ ਦੂਏ ਦੀ ਟਹਿਲ ਕਰੋ** ਜਿਵੇਂ ਪਰਮੇਸ਼ੁਰ ਦੀ ਬਹੁਰੰਗੀ ਕਿਰਪਾ ਦੇ **ਨੇਕ ਮੁਖਤਿਆਰਾਂ** ਨੂੰ ਉਚਿੱਤ ਹੈ।

19 ਬਹੁਤ ਚਿਰ ਪਿੱਛੋਂ ਉਨ੍ਹਾਂ ਚਾਕਰਾਂ ਦਾ ਮਾਲਕ **ਆਇਆ ਅਤੇ ਉਨ੍ਹਾਂ ਤੋਂ ਲੇਖਾ ਲੈਣ ਲੱਗਾ**।

- ਪ੍ਰਭੂ ਯਿਸੂ ਦੇ ਆਉਣ ਤੋਂ ਬਾਅਦ ਅਤੇ ਉਸ ਦੇ ਨਾਲ ਰਾਜ ਅਤੇ ਸ਼ਾਸ਼ਨ ਕਰਨ ਦੇ ਵਿੱਚ ਸਾਡੀ ਪਦਵੀ ਇਸ ਅਨੁਸਾਰ ਨਿਰਧਾਰਿਤ ਕੀਤੀ ਜਾਵੇਗੀ ਕਿ ਅਸੀਂ ਉਨ੍ਹਾਂ ਦਾਤਾਂ ਅਤੇ ਜ਼ਿੰਮੇਵਾਰੀਆਂ ਦੇ ਨਾਲ ਕਿੰਨੇ ਵਫ਼ਾਦਾਰ ਰਹੇ ਜੋ ਉਸ ਨੇ ਸਾਡੇ ਵਿੱਚੋਂ ਹਰੇਕ ਨੂੰ ਦਿੱਤੀਆਂ ਹਨ।

20 ਸੋ ਜਿਹ ਨੇ ਪੰਜ ਤੋੜੇ ਲਏ ਸਨ . . . ਕਿਹਾ, ਸੁਆਮੀ ਜੀ ਤੁਸਾਂ ਮੈਨੂੰ ਪੰਜ ਤੋੜੇ ਸੌਂਪੇ ਸਨ। ਵੇਖੋ **ਮੈਂ ਪੰਜ ਤੋੜੇ ਹੋਰ
ਭੀ ਖੱਟੇ**। 21 ਉਹ ਦੇ ਮਾਲਕ ਨੇ ਉਸ ਨੂੰ ਕਿਹਾ, ਹੇ ਚੰਗੇ ਅਤੇ **ਮਾਤਬਰ** ਚਾਕਰ ਸ਼ਾਬਾਸ਼ੇ! ਤੂੰ ਤਾਂ ਥੋੜੇ ਜਿਹੇ ਵਿੱਚ
ਮਾਤਬਰ ਨਿੱਕਲਿਆ, **ਮੈਂ ਤੈਨੂੰ ਬਹੁਤ ਸਾਰੇ ਉੱਤੇ ਇਖ਼ਤਿਆਰ ਦਿਆਂਗਾ**। ਤੂੰ ਆਪਣੇ ਮਾਲਕ ਦੀ ਖ਼ੁਸ਼ੀ ਵਿੱਚ ਦਾਖਿਲ
ਹੋ।

22 ਅਤੇ ਜਿਹ ਨੇ **ਦੋ** ਤੋੜੇ ਲਏ ਸਨ ਉਹ ਵੀ ਕੋਲ ਆਣ ਕੇ ਬੋਲਿਆ, ਸੁਆਮੀ ਤੁਸਾਂ ਮੈਨੂੰ ਦੋ ਤੋੜੇ ਸੌਂਪੇ ਸਨ। ਵੇਖੋ **ਮੈਂ
ਦੋ ਤੋੜੇ ਹੋਰ ਭੀ ਖੱਟੇ**। 23 ਉਹ ਦੇ ਮਾਲਕ ਨੇ ਉਸ ਨੂੰ ਕਿਹਾ, ਹੇ ਚੰਗੇ ਅਤੇ **ਮਾਤਬਰ** ਚਾਕਰ ਸ਼ਾਬਾਸ਼ੇ! ਤੂੰ ਥੋੜੇ ਜਿਹੇ
ਵਿੱਚ ਮਾਤਬਰ ਨਿੱਕਲਿਆ, **ਮੈਂ ਤੈਨੂੰ ਬਹੁਤ ਸਾਰੇ ਉੱਤੇ ਇਖ਼ਤਿਆਰ ਦਿਆਂਗਾ**। ਤੂੰ ਆਪਣੇ ਮਾਲਕ ਦੀ ਖ਼ੁਸ਼ੀ ਵਿੱਚ
ਦਾਖਿਲ ਹੋ।

ਲੂਕਾ 19:11-27 ਜਦ ਓਹ ਇਹ ਗੱਲਾਂ ਸੁਣਦੇ ਸਨ ਉਸ ਨੇ ਹੋਰ ਇੱਕ ਦ੍ਰਿਸ਼ਟਾਂਤ ਦਿੱਤਾ ਇਸ ਲਈ ਜੋ ਉਹ ਯਰੂਸ਼ਲਮ
ਦੇ ਨੇੜੇ ਸੀ ਅਤੇ ਓਹ ਸਮਝੇ ਭਈ ਪਰਮੇਸ਼ੁਰ ਦਾ ਰਾਜ ਹੁਣੇ ਪਰਗਟ ਹੋਣ ਵਾਲਾ ਹੈ। 12 ਸੋ ਉਸ ਨੇ ਆਖਿਆ ਕਿ ਇੱਕ
ਅਮੀਰ ਦੂਰ ਦੇਸ ਨੂੰ ਗਿਆ ਜੋ ਆਪਣੇ ਲਈ ਪਾਤਸ਼ਾਹੀ ਲੈ ਕੇ ਮੁੜ ਆਵੇ। 13 ਅਤੇ ਉਸ ਨੇ ਆਪਣੇ ਦਸਾਂ ਨੌਕਰਾਂ ਨੂੰ
ਸੱਦ ਕੇ ਉਨ੍ਹਾਂ ਨੂੰ **ਦਸ ਅਸ਼ਰਫ਼ੀਆਂ** ਦਿੱਤੀਆਂ

- ਹਰੇਕ ਨੂੰ ਤਿੰਨ ਮਹੀਨਿਆਂ ਦੀ ਮਜ਼ਦੂਰੀ ਦਿੱਤੀ ਗਈ। ਸਾਰਿਆਂ ਨੂੰ ਬਰਾਬਰ ਰਾਸ਼ੀ ਦਿੱਤੀ ਗਈ।

ਅਤੇ ਉਨ੍ਹਾਂ ਨੂੰ ਕਿਹਾ, ਜਦ ਤੀਕੁਰ ਮੈਂ ਨਾ ਆਵਾਂ ਤੁਸੀਂ ਬਣਜ ਬੁਪਾਰ ਕਰੋ। 15 ਐਉਂ ਹੋਇਆ ਕਿ ਜਾਂ ਉਹ ਪਾਤਸ਼ਾਹੀ
ਲੈ ਕੇ ਮੁੜ ਆਇਆ . . . 16 ਤਦ ਪਹਿਲੇ ਆਣ ਕੇ ਕਿਹਾ, ਸੁਆਮੀ ਜੀ, ਤੁਹਾਡੀ ਅਸ਼ਰਫ਼ੀ ਨੇ **ਦਸ ਅਸ਼ਰਫ਼ੀਆਂ ਹੋਰ
ਕਮਾਈਆਂ**। 17 ਤਾਂ ਓਨ ਉਸ ਨੂੰ ਆਖਿਆ, ਹੇ ਅੱਛੇ ਨੌਕਰ ਸ਼ਾਬਾਸ਼ੇ! ਇਸ ਲਈ ਜੋ ਤੂੰ ਬਹੁਤ ਥੋੜੇ ਵਿੱਚ **ਮਾਤਬਰ
ਨਿੱਕਲਿਆ** ਤੂੰ **ਦਸਾਂ ਨਗਰਾਂ ਉੱਤੇ ਇਖ਼ਤਿਆਰ** ਰੱਖ। 18 ਅਤੇ ਦੂਏ ਨੇ ਆਣ ਕੇ ਕਿਹਾ, ਸੁਆਮੀ ਜੀ, ਤੁਹਾਡੀ
ਅਸ਼ਰਫ਼ੀ ਨੇ **ਪੰਜ ਅਸ਼ਰਫ਼ੀਆ ਹੋਰ ਕਮਾਈਆਂ**। 19 ਤਾਂ ਉਸ ਨੇ ਉਹ ਨੂੰ ਵੀ ਆਖਿਆ ਕਿ **ਤੂੰ ਵੀ ਪੰਜਾਂ ਨਗਰਾਂ ਉੱਤੇ
ਹੋ**।

ਪਰਮੇਸ਼ੁਰ ਇਸ਼ਾਰਾ ਕਰਦਾ ਹੈ ਕਿ ਜਦੋਂ ਉਹ ਵਾਪਸ ਆਵੇਗਾ ਤਾਂ ਉਸ ਦੇ ਨਾਲ ਸ਼ਾਸ਼ਨ ਕਰਨ ਦੀ ਸਾਡੀ **ਪਦਵੀ** ਇਸ ਦੇ ਦੁਆਰਾ ਨਿਰਧਾਰਿਤ ਕੀਤੀ ਜਾਵੇਗੀ ਕਿ ਜੋ ਕੁਝ ਸਾਨੂੰ ਦਿੱਤਾ ਗਿਆ ਹੈ ਅਸੀਂ ਉਸ ਨੂੰ ਕਿੰਨਾ **ਵਧਾਇਆ** ਹੈ।

ਮੱਤੀ 19:27-30
ਤਦ ਪਤਰਸ ਨੇ ਉਹ ਨੂੰ ਉੱਤਰ ਦਿੱਤਾ, ਵੇਖ ਅਸੀਂ **ਸੱਭੋ ਕੁਝ ਛੱਡ** ਕੇ ਤੇਰੇ ਮਗਰ ਹੋ ਤੁਰੇ ਹਾਂ, ਫੇਰ ਸਾਨੂੰ ਕੀ ਲੱਭੂ?
(28) ਯਿਸੂ ਨੇ ਉਨ੍ਹਾਂ ਨੂੰ ਕਿਹਾ, ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਜਦ ਮਨੁੱਖ ਦਾ ਪੁੱਤਰ ਨਵੀਂ ਸਰਿਸ਼ਟ ਵਿੱਚ ਆਪਣੇ ਤੇਜ ਦੇ ਸਿੰਘਾਸਣ ਉੱਤੇ ਬੈਠੇਗਾ ਤਦ **ਤੁਸੀਂ** ਵੀ ਜੋ ਮੇਰੇ ਮਗਰ ਹੋ ਤੁਰੇ ਹੋ **ਬਾਰਾਂ ਸਿੰਘਾਸਣਾਂ ਉੱਤੇ ਬੈਠੋਗੇ** ਅਤੇ ਇਸਰਾਏਲ ਦੀਆਂ ਬਾਰਾਂ ਗੋਤਾਂ ਦਾ ਨਿਆਉਂ ਕਰੋਗੇ। (29) ਅਤੇ **ਹਰ ਕੋਈ** ਜਿਹ ਨੇ ਘਰਾਂ ਯਾ ਭਾਈਆਂ ਯਾ ਭੈਣਾਂ ਯਾ ਪਿਉ ਯਾ ਮਾਂ ਯਾ ਬਾਲ ਬੱਚਿਆਂ ਯਾ ਜਮੀਨ ਨੂੰ ਮੇਰੇ ਨਾਮ ਦੇ ਕਾਰਨ ਛੱਡਿਆ ਹੈ **ਉਹ ਸੌ ਗੁਣਾ ਪਾਵੇਗਾ** ਅਤੇ ਸਦੀਪਕ ਜੀਉਣ ਦਾ ਵਾਰਸ ਹੋਵੇਗਾ।

- ਇਹ ਭਵਿੱਖ ਵਿਚਲੀ ਪਦਵੀ, ਅਧਿਕਾਰ, ਕੰਮ ਅਤੇ ਫਲ ਦੇ ਬਾਰੇ ਗੱਲ ਕਰਦਾ ਹੈ ਜੋ ਸਾਨੂੰ ਪਰਮੇਸ਼ੁਰ ਅਤੇ ਉਨ੍ਹਾਂ ਲੋਕਾਂ ਦੀ ਸੇਵਾ ਕਰਨ ਲਈ ਕੀਤੇ ਗਏ **ਬਲੀਦਾਨ** ਦੇ ਅਨੁਸਾਰ ਅਗਲੇ ਜੀਵਨ ਵਿੱਚ ਦਿੱਤਾ ਜਾਵੇਗਾ, ਜਿਨ੍ਹਾਂ ਨੂੰ ਉਹ ਪਿਆਰ ਕਰਦਾ ਹੈ . . . **ਉਹ ਸੌ ਗੁਣਾ ਪਾਵੇਗਾ**

**ਉੱਪਰ ਦਿੱਤੇ ਹੋਏ ਸਭ ਨੂੰ ਦਿਮਾਗ ਵਿੱਚ ਰੱਖਦੇ ਹੋਏ ਯੂਹੰਨਾ ਸਾਨੂੰ ਇੱਕ ਚੇਤਾਵਨੀ ਦਿੰਦਾ ਹੈ:**

> **ਚੌਕਸ ਰਹੋ** ਭਈ ਜਿਹੜੇ ਕੰਮ ਅਸਾਂ ਕੀਤੇ ਸੋ **ਤੁਸੀਂ ਨਾ ਵਿਗਾੜੋ** ਸਗੋਂ **ਪੂਰਾ ਫਲ ਪਰਾਪਤ ਕਰੋ**। 2 ਯੂਹੰਨਾ 8

- **ਪੂਰਾ ਫਲ** ਇਸ਼ਾਰਾ ਕਰਦਾ ਹੈ ਕਿ ਜੋ ਤੁਸੀਂ ਹੁਣ ਕਰ ਰਹੇ ਹੋ ਉਸ ਦੇ ਅਨੁਸਾਰ ਫਲ ਦੀ ਮਾਤਰ ਜ਼ਿਆਦਾ ਜਾਂ ਘੱਟ ਹੋ ਸਕਦੀ ਹੈ।

**ਸਾਡਾ ਮੁਕਤੀਦਾਤਾ ਅਤੇ ਪ੍ਰਭੂ ਵੀ ਸਾਨੂੰ ਇੱਕ ਚੇਤਾਵਨੀ ਦਿੰਦਾ ਹੈ:**

> ਵੇਖ, **ਮੈਂ ਛੇਤੀ ਆਉਂਦਾ ਹਾਂ** ਅਤੇ **ਫਲ** ਮੇਰੇ ਕੋਲ ਹੈ ਭਈ ਮੈਂ ਹਰੇਕ ਨੂੰ **ਜਿਹਾ ਜਿਸ ਦਾ ਕੰਮ ਹੈ ਤਿਹਾ ਉਹ ਨੂੰ ਬਦਲਾ ਦਿਆਂ**। ਪਰਕਾਸ਼ ਦੀ ਪੋਥੀ 22:12

ਫਲ ਕੀ ਹੋਣਗੇ ਇਹ ਬਚਨ ਦੇ ਵਿੱਚ ਸਪਸ਼ਟ ਨਹੀਂ ਕੀਤਾ ਗਿਆ ਹੈ। ਪਰ ਜਾਪਦਾ ਹੈ ਕਿ ਬਹੁਤ ਸਾਰੇ ਫਲ ਹਨ, ਕੁਝ ਧਰਤੀ ਉੱਤੇ ਦਿੱਤੇ ਜਾਂਦੇ ਹਨ ਅਤੇ ਕੁਝ ਸਵਰਗ ਦੇ ਵਿੱਚ ਸਾਡੀ **ਪਦਵੀ** ਅਤੇ ਸਾਡੀਆਂ **ਜ਼ਿੰਮੇਵਾਰੀਆਂ** ਦੇ ਬਾਰੇ ਹਨ।

ਵਿਸ਼ਵਾਸੀਆਂ ਨੂੰ ਦਿੱਤੇ ਜਾਣ ਵਾਲੇ ਖਾਸ ਫਲ ਮੁਕਟ ਹਨ।

## III. ਜੀਵਨ ਦਾ ਮੁਕਟ

ਯਾਕੂਬ 1:12 ਧੰਨ ਉਹ ਮਨੁੱਖ ਜਿਹੜਾ **ਪਰਤਾਵੇ ਨੂੰ ਸਹਿ ਲੈਂਦਾ ਹੈ** ਕਿਉਂਕਿ ਜਾਂ ਖਰਾ ਨਿੱਕਲਿਆ ਤਾਂ ਉਹ ਨੂੰ **ਜੀਵਨ ਦਾ ਉਹ ਮੁਕਟ** ਪਰਾਪਤ ਹੋਵੇਗਾ ਜਿਹ ਦਾ ਪ੍ਰਭੂ ਨੇ **ਆਪਣਿਆ ਪ੍ਰੇਮੀਆਂ ਨਾਲ** ਵਾਇਦਾ ਕੀਤਾ ਹੈ।

ਪਰਮੇਸ਼ੁਰ ਦਾ ਪੁੱਤਰ ਯਿਸੂ ਮਸੀਹ ਇੱਕ ਮਨੁੱਖ ਬਣਿਆ ਅਤੇ ਪਰਤਾਵੇ ਨੂੰ ਸਹਿ ਲਿਆ ਅਤੇ ਮਨੁੱਖ ਜਾਤੀ ਦੁਆਰਾ ਉਸ ਨੂੰ ਕੰਡਿਆਂ ਦਾ ਤਾਜ ਦਿੱਤਾ ਗਿਆ:

> ਯੂਹੰਨਾ 19:1-5 ਸੋ ਜਦ ਪਿਲਾਤੁਸ ਨੇ **ਯਿਸੂ** ਨੂੰ ਫੜ ਕੇ ਕੋਰੜੇ ਮਰਵਾਏ। (2) ਅਤੇ ਸਿਪਾਹੀਆਂ ਨੇ **ਕੰਡਿਆਂ ਦਾ ਤਾਜ** ਗੁੰਦ ਕੇ ਉਹ ਦੇ ਸਿਰ ਉੱਤੇ ਧਰਿਆ ਅਰ ਉਹ ਨੂੰ ਬੈਂਗਣੀ ਚੋਗਾ ਪਹਿਨਾਇਆ . . . (5) ਤਾਂ ਯਿਸੂ **ਕੰਡਿਆਂ ਦਾ ਤਾਜ ਰੱਖੇ** ਅਤੇ ਬੈਂਗਣੀ ਚੋਗਾ ਪਹਿਨੇ ਬਾਹਰ ਨਿੱਕਲਿਆ, ਅਰ ਪਿਲਾਤੁਸ ਨੇ ਉਨ੍ਹਾਂ ਨੂੰ ਆਖਿਆ, ਵੇਖੋ ਐਸ ਮਨੁੱਖ ਨੂੰ!

ਪਰ ਕਿਉਂਕਿ ਉਸ ਨੇ ਸਹਿ ਲਿਆ ਅਤੇ ਮੌਤ ਤੱਕ ਵੀ ਵਫ਼ਾਦਾਰ ਸੀ, ਇਸ ਲਈ ਉਸ ਨੂੰ ਉਸ ਦੇ ਪਿਤਾ ਦੇ ਦੁਆਰਾ ਸੋਨੇ ਦਾ ਮੁਕਟ ਦਿੱਤਾ ਗਿਆ ਸੀ:

> ਪਰਕਾਸ਼ ਦੀ ਪੋਥੀ 14:14 ਮੈਂ ਨਿਗਾਹ ਕੀਤੀ ਤਾਂ ਕੀ ਵੇਖਦਾ ਹਾਂ ਭਈ ਇੱਕ ਚਿੱਟਾ ਬੱਦਲ ਹੈ ਅਤੇ ਓਸ ਬਦਲ ਉੱਤੇ ਮਨੁੱਖ ਦੇ ਪੁੱਤਰ ਵਰਗਾ ਕੋਈ ਆਪਣੇ ਸਿਰ ਉੱਤੇ **ਸੋਨੇ ਦਾ ਮੁਕਟ** ਪਹਿਨੇ ਅਤੇ ਆਪਣੇ ਹੱਥ ਵਿੱਚ ਤਿੱਖੀ ਦਾਤੀ ਫੜੀ ਬੈਠਾ ਹੈ।

ਯਿਸੂ ਨੇ ਸਾਡਾ "ਕੰਡਿਆਂ ਦਾ ਤਾਜ" ਅਤੇ ਸਾਡੇ ਪਾਪਾਂ ਨੂੰ ਪਹਿਨਿਆ, ਤਾਂ ਕਿ ਉਹ ਸਾਨੂੰ "**ਜੀਵਨ ਦਾ ਮੁਕਟ**" ਦੇ ਸਕੇ। ਇਹ ਜਾਣਦੇ ਹੋਏ: **ਮਸੀਹ ਦਾ ਪ੍ਰੇਮ** ਸਾਨੂੰ ਮਜਬੂਰ ਕਰ ਲੈਂਦਾ ਹੈ (ਮਜ਼ਬੂਰ ਕਰਨਾ ਜਾਂ ਫੜ੍ਹਨਾ) ਕਿਉਂ ਜੋ ਅਸੀਂ ਇਹ ਵਿਚਾਰ ਕਰਦੇ ਹਾਂ ਭਈ ਇੱਕ ਸਭਨਾਂ ਦੇ ਲਈ ਮੋਇਆ ਇਸੇ ਕਰਕੇ ਸੱਭੇ ਮੋਏ। (15) ਅਤੇ ਉਹ ਸਭਨਾਂ ਦੇ ਲਈ ਮੋਇਆ ਭਈ ਜਿਹੜੇ ਜੀਉਂਦੇ ਹਨ ਓਹ ਅਗਾਹਾਂ ਨੂੰ ਆਪਣੇ ਲਈ ਨਹੀਂ ਸਗੋਂ **ਉਹ ਦੇ ਲਈ** ਜੀਉਣ ਜਿਹੜਾ ਉਨ੍ਹਾਂ ਦੇ ਲਈ ਮੋਇਆ ਅਤੇ ਫੇਰ ਜੀ ਉੱਠਿਆ। 2 ਕੁਰਿੰਥੀਆਂ 5:13-15

ਪ੍ਰਭੂ ਯਿਸੂ ਮਸੀਹ ਦੇ ਲਈ ਆਪਣੇ ਪਿਆਰ ਦੇ ਦੁਆਰਾ ਵਿਸ਼ਵਾਸੀ **ਪਰਤਾਵਿਆਂ ਉੱਤੇ ਜਿੱਤ ਪਾਉਣ** ਅਤੇ **ਬਿਪਤਾਵਾਂ ਨੂੰ ਸਹਿ ਲੈਣ** ਦੀ ਸ਼ਕਤੀ ਪਾਉਂਦਾ ਹੈ।

1 ਪਤਰਸ 1:3-9 ਮੁਬਾਰਕ ਹੈ ਸਾਡੇ ਪ੍ਰਭੂ ਯਿਸੂ ਮਸੀਹ ਦਾ ਪਰਮੇਸ਼ੁਰ ਅਤੇ ਪਿਤਾ **ਜਿਹ** ਨੇ ਆਪਣੀ ਅੱਤ ਦਯਾ ਦੇ ਅਨੁਸਾਰ ਯਿਸੂ ਮਸੀਹ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਕਾਰਨ **ਸਾਨੂੰ** ਜੀਉਂਦੀ ਆਸ ਲਈ **ਨਵੇਂ ਸਿਰਿਓਂ ਜਨਮ ਦਿੱਤਾ**। (4) ਅਰਥਾਤ ਓਸ ਅਵਨਾਸੀ, ਨਿਰਮਲ ਅਤੇ ਨਾ ਕੁਮਲਾਉਣ ਵਾਲੇ **ਅਧਕਾਰ ਲਈ** ਜੋ ਸੁਰਗ ਵਿੱਚ ਤੁਹਾਡੇ ਲਈ **ਧਰਿਆ ਹੋਇਆ ਹੈ**। (5) ਜਿਹੜੇ **ਨਿਹਚਾ ਦੇ ਰਾਹੀਂ ਪਰਮੇਸ਼ੁਰ ਦੀ ਸਮਰੱਥਾ** ਨਾਲ ਓਸ ਮੁਕਤੀ ਨੂੰ ਪਰਾਪਤ ਹੋਣ ਲਈ ਜੋ ਅੰਤ ਦੇ ਸਮੇਂ ਪਰਗਟ ਹੋਣ ਵਾਲੀ ਹੈ **ਬਚਾਏ ਰਹਿੰਦੇ** ਹੋ। (6) ਇਹ ਦੇ ਵਿੱਚ ਤੁਸੀਂ ਵੱਡਾ ਅਨੰਦ ਕਰਦੇ ਹੋ ਭਾਵੇਂ **ਹੁਣ** ਥੋੜਾਕੁ ਚਿਰ ਜੇਕਰ ਲੋੜੀਦਾ ਹੋਵੇ ਤਾਂ **ਭਾਂਤ ਭਾਂਤ ਦੇ ਪਰਤਾਵਿਆਂ** ਨਾਲ ਦੁਖੀ ਹੋਏ ਹੋਏ ਹੋ। (7) **ਤਾਂ ਜੋ ਤੁਹਾਡੀ ਪਰਖੀ ਹੋਈ ਨਿਹਚਾ** ਜਿਹੜੀ ਨਾਸ ਹੋਣ ਵਾਲੇ ਸੋਨੇ ਨਾਲੋਂ ਭਾਵੇਂ ਉਹ ਅੱਗ ਵਿੱਚ ਤਾਇਆ ਵੀ ਜਾਵੇ ਅੱਤ **ਭਾਰੇ ਮੁੱਲ** ਦੀ ਹੈ ਯਿਸੂ ਮਸੀਹ ਦੇ ਪਰਗਟ ਹੋਣ ਦੇ ਸਮੇਂ **ਉਸਤਤ, ਮਹਿਮਾ** ਅਤੇ **ਆਦਰ** ਦੇ ਜੋਗ ਨਿੱਕਲੇ। (8) ਜਿਹ ਦੇ ਨਾਲ ਬਿਨ ਵੇਖੇ **ਤੁਸੀਂ ਪ੍ਰੇਮ ਰੱਖਦੇ ਹੋ** ਅਤੇ ਭਾਵੇਂ ਹੁਣ ਉਹ ਨੂੰ ਨਹੀਂ ਵੇਖਦੇ ਤਾਂ ਵੀ **ਓਸ ਉੱਤੇ ਨਿਹਚਾ ਕਰ ਕੇ ਐਡਾ ਅਨੰਦ ਕਰਦੇ** ਹੋ ਜੋ ਵਰਨਣ ਤੋਂ ਬਾਹਰ ਅਤੇ ਤੇਜ ਨਾਲ ਭਰਪੂਰ ਹੈ। (9) ਅਤੇ ਆਪਣੀ ਨਿਹਚਾ ਦਾ ਫਲ ਅਰਥਾਤ ਜਾਨਾਂ ਦੀ ਮੁਕਤੀ ਪਰਾਪਤ ਕਰਦੇ ਹੋ।

ਮੱਤੀ 5:11-12 ਧੰਨ ਹੋ ਤੁਸੀਂ ਜਾਂ ਮਨੁੱਖ ਮੇਰੇ ਕਾਰਨ ਤੁਹਾਨੂੰ ਬੋਲੀਆਂ ਮਾਰਨਗੇ ਅਤੇ ਸਤਾਉਣਗੇ ਅਤੇ ਹਰੇਕ ਬੁਰੀ ਗੱਲ ਤੁਹਾਡੇ ਉੱਤੇ ਝੂਠ ਮੂਠ ਲਾਉਣਗੇ। (12) ਅਨੰਦ ਹੋਵੋ ਅਤੇ ਖ਼ੁਸ਼ੀ ਕਰੋ ਕਿਉਂ ਜੋ **ਤੁਹਾਡਾ ਫਲ ਸੁਰਗ ਵਿੱਚ ਬਹੁਤ ਹੈ**

ਰੋਮੀਆਂ 5:3-4 ਨਿਰਾ ਇਹੋ ਨਹੀਂ ਸਗੋਂ ਬਿਪਤਾਂ ਵਿੱਚ ਵੀ **ਅਭਮਾਨ** (ਜਾਂ ਘਮੰਡ) ਕਰੀਏ ਕਿਉਂ ਜੋ ਇਹ ਜਾਣਦੇ ਹਾਂ ਭਈ **ਬਿਪਤਾ** (ਜਾਂ ਸਤਾਓ) ਧੀਰਜ ਪੈਦਾ ਕਰਦੀ ਹੈ। (4) ਅਤੇ ਧੀਰਜ ਦ੍ਰਿੜ੍ਹਤਾ ਅਤੇ ਦ੍ਰਿੜ੍ਹਤਾ ਆਸ ਪੈਦਾ ਕਰਦੀ ਹੈ। (5) ਅਤੇ ਆਸ ਸ਼ਰਮਿੰਦਿਆਂ ਨਹੀਂ ਕਰਦੀ **ਇਸ ਲਈ ਜੋ ਪਰਮੇਸ਼ਰ ਦਾ ਪ੍ਰੇਮ** ਪਵਿੱਤਰ ਆਤਮਾ ਦੇ ਵਸੀਲੇ ਨਾਲ ਜੋ ਸਾਨੂੰ ਦਿੱਤਾ ਗਿਆ ਸਾਡਿਆਂ ਹਿਰਦਿਆਂ ਵਿੱਚ ਪਾਇਆ ਹੋਇਆ ਹੈ।

ਵਿਸ਼ਵਾਸੀ ਦੇ ਮਨ ਵਿੱਚ ਜਿੰਨਾ **ਜ਼ਿਆਦਾ ਪਰਮੇਸ਼ੁਰ ਦਾ ਪਿਆਰ ਭਾਵੁਕ** ਹੋ ਜਾਵੇਗਾ, ਓਨੇ ਵੱਡੇ ਪਰਤਾਵੇ ਉਹ ਸਹਿ ਸਕਦਾ ਹੈ। ਨਹੀਂ ਤਾਂ ਪਰਤਾਵਿਆਂ ਦੇ ਕਾਰਨ ਉਹ ਕੌੜਾ ਅਤੇ ਸੰਗੀਨ ਬਣ ਜਾਵੇਗਾ।

ਪਰਕਾਸ਼ ਦੀ ਪੋਥੀ 2:10 ਜਿਹੜੇ ਦੁੱਖ ਤੈਂ ਭੋਗਣੇ ਹਨ ਤੂੰ ਓਹਨਾਂ ਤੋਂ ਨਾ ਡਰੀਂ . . . ਤੁਸੀਂ ਪਰਤਾਏ ਜਾਓ ਅਤੇ ਤੁਹਾਨੂੰ . . . ਬਿਪਤਾ ਹੋਵੇਗੀ। **ਤੂੰ ਮਰਨ ਤੋੜੀ ਵਫ਼ਾਦਾਰ ਰਹੁ ਤਾਂ ਮੈਂ ਤੈਨੂੰ ਜੀਵਨ ਦਾ ਮੁਕਟ ਦਿਆਂਗਾ।**

- ਯਿਸੂ ਆਪ ਇਹ ਮੁਕਟ ਤੁਹਾਡੇ ਸਿਰ ਉੱਤੇ ਪਾਵੇਗਾ।

ਜੀਵਨ ਦਾ ਮੁਕਟ ਪ੍ਰਾਪਤ ਕਰਨ ਲਈ ਵਿਸ਼ਵਾਸੀ ਨੂੰ **ਆਪਣੇ ਜੀਵਨ ਨਾਲੋਂ ਜ਼ਿਆਦਾ ਪਿਆਰ ਪਰਮੇਸ਼ੁਰ ਨੂੰ ਕਰਨਾ ਚਾਹੀਦਾ ਹੈ।**

> ਲੂਕਾ 9:24 ਕਿਉਂਕਿ ਜਿਹੜਾ ਆਪਣੀ ਜਾਨ (ਆਪਣੇ ਲਈ ਹੀ ਜੀਉਣਾ) ਬਚਾਉਣੀ ਚਾਹੇ ਉਹ ਉਸ ਨੂੰ ਗੁਆਵੇਗਾ ਪਰ ਜਿਹੜਾ ਮੇਰੇ ਲਈ ਆਪਣੀ ਜਾਨ ਗੁਆਵੇ (ਹਰੇਕ ਕੀਮਤ ਉੱਤੇ ਮਸੀਹ ਦੇ ਲਈ ਜੀਉਣਾ) ਉਹ ਉਸ ਨੂੰ ਬਚਾਵੇਗਾ। ਜਿਵੇਂ-ਜਿਵੇਂ ਯਿਸੂ ਦੇ ਲਈ ਸਾਡਾ ਪਿਆਰ ਵਧਦਾ ਹੈ, ਓਵੇਂ-ਓਵੇਂ ਸਾਡਾ ਆਪਣੇ ਲਈ ਪਿਆਰ ਘੱਟਦਾ ਹੈ।

ਇਹ ਫਲ ਉਨ੍ਹਾਂ ਨੂੰ ਦਿੱਤਾ ਜਾਵੇਗਾ ਜੋ **ਪਰਮੇਸ਼ੁਰ ਦੇ ਪਿਆਰ** ਦੇ ਦੁਆਰਾ ਉਤਸ਼ਾਹਿਤ ਹੋ ਕੇ ਅਤੇ ਸ਼ਕਤੀ ਪਾ ਕੇ **ਯਿਸੂ ਮਸੀਹ ਦੇ ਲਈ ਜੀਉਂਦੇ ਹਨ** ਅਤੇ **ਪਰਤਾਵਿਆਂ ਨੂੰ ਸਹਿਣ ਕਰਦੇ ਹਨ**।

1 ਕੁਰਿੰਥੀਆਂ 10:13 ਤੁਹਾਡੇ ਉੱਤੇ ਇਹੋ ਜਿਹਾ ਕੋਈ ਪਰਤਾਵਾ ਨਹੀਂ ਪਿਆ ਜੋ ਮਨੁੱਖ ਤੋਂ ਨਹੀਂ ਝੱਲਿਆ ਜਾਂਦਾ ਪਰੰਤੂ **ਪਰਮੇਸ਼ੁਰ ਵਫ਼ਾਦਾਰ ਹੈ** ਜੋ **ਤੁਹਾਡੀ ਸ਼ਕਤੀਓਂ ਬਾਹਰ** ਤੁਹਾਨੂੰ ਪਰਤਾਵੇ ਵਿੱਚ **ਨਹੀਂ** ਪੈਣ ਦੇਵੇਗਾ ਸਗੋਂ ਪਰਤਾਵੇ ਦੇ ਨਾਲ ਹੀ **ਬਚ ਜਾਣ ਦਾ ਉਪਾਓ** ਵੀ ਕੱਢ ਦੇਵੇਗਾ ਭਈ **ਤੁਸੀਂ** ਝੱਲ ਸੱਕੋ।

ਮੈਂ ਛੇਤੀ ਆਉਂਦਾ ਹਾਂ। ਜੋ ਕੁਝ ਤੇਰੇ ਕੋਲ ਹੈ ਸੋ **ਤਕੜਾਈ ਨਾਲ ਫੜੀ ਰੱਖ** ਕਿਤੇ **ਐਉਂ ਨਾ ਹੋਵੇ ਭਈ ਕੋਈ ਤੇਰਾ ਮੁਕਟ ਲੈ ਜਾਵੇ**। ਪਰਕਾਸ਼ ਦੀ ਪੋਥੀ 3:11

## IV. ਜੇਤੂ ਦਾ ਮੁਕਟ

ਪੌਲੁਸ ਵਿਸ਼ਵਾਸੀ ਦੀ ਆਤਮਿਕ ਦੌੜ ਬਾਰੇ ਸਪਸ਼ਟ ਰੂਪ ਵਿੱਚ ਦੱਸਣ ਲਈ ਯੂਨਾਨੀ ਖੇਡਾਂ ਦੀ ਉਦਾਹਰਣ ਦਿੰਦਾ ਹੈ। 1 ਕੁਰਿੰਥੀਆਂ 9:24-27 ਕੀ ਤੁਸੀਂ ਇਹ ਨਹੀਂ ਜਾਣਦੇ ਕਿ ਦੌੜ ਵਿੱਚ ਜਿਹੜੇ ਦੌੜਦੇ ਹਨ ਤਾਂ **ਸੱਭੇ ਦੌੜਦੇ ਹਨ** ਪਰ **ਇਨਾਮ ਇੱਕੋ ਲੈ ਜਾਂਦਾ ਹੈ**? ਇਉਂ ਤੁਸੀਂ ਵੀ **ਦੌੜੋ** ਤਾਂ ਜੋ **ਤੁਸੀਂ ਹੀ ਇਨਾਮ ਲੈ ਜਾਓ**। (25) ਹਰੇਕ ਪਹਿਲਵਾਨ **ਸਭਨੀਂ ਗੱਲੀਂ ਸੰਜਮੀ** ਹੁੰਦਾ ਹੈ। ਸੋ ਉਹ ਤਾਂ **ਨਾਸਵਾਨ** ਸਿਹਰੇ (ਜਾਂ ਮੁਕਟ) ਨੂੰ ਪਰ ਅਸੀਂ **ਅਵਿਨਾਸੀ** ਸਿਹਰੇ ਨੂੰ ਲੈਣ ਲਈ ਇਹ ਕਰਦੇ ਹਾਂ। (26) ਸੋ ਮੈਂ ਇਉਂ ਦੌੜਦਾ ਹਾਂ ਪਰ ਬੇਥੌਹਾ ਨਹੀਂ। ਮੈਂ ਇਉਂ ਹੂਰੀਂ ਲੜਦਾ ਹਾਂ ਪਰ ਉਸ ਵਾਂਙੁ ਨਹੀਂ ਜੋ ਪੌਣ ਨੂੰ ਮਾਰਦਾ ਹੈ। (27) ਸਗੋਂ **ਆਪਣੇ ਸਰੀਰ ਨੂੰ ਮਾਰਦਾ ਕੁੱਟਦਾ** ਅਤੇ ਉਹ ਨੂੰ **ਆਪਣੇ ਵੱਸ ਵਿੱਚ** ਲਿਆਉਂਦਾ ਹਾਂ ਭਈ ਐਉਂ ਨਾ ਹੋਵੇ ਜੋ ਕਿਤੇ ਮੈਂ ਹੋਰਨਾਂ ਨੂੰ ਉਪਦੇਸ਼ ਕਰ ਕੇ **ਆਪ ਅਪਰਵਾਨ ਹੋ ਜਾਵਾਂ**।

- ਦੌੜ ਵਿੱਚ ਜਿਹੜੇ ਦੌੜਦੇ ਹਨ ਤਾਂ **ਸੱਭੇ ਦੌੜਦੇ ਹਨ** ਕੋਈ ਵੀ ਵਿਅਕਤੀ ਯੂਨਾਨੀ ਖੇਡਾਂ ਵਿੱਚ ਹਿੱਸਾ ਨਹੀਂ ਲੈ ਸਕਦਾ ਜੇਕਰ ਉਹ ਯੂਨਾਨੀ ਮਾਤਾ-ਪਿਤਾ ਤੋਂ ਜਨਮਿਆ ਯੂਨਾਨੀ ਨਾਗਰਿਕ ਨਹੀਂ ਹੈ। ਕੋਈ ਵੀ ਨਾ ਬਚਾਇਆ ਗਿਆ ਵਿਅਕਤੀ ਫਲ ਦੇ ਲਈ ਪਰਮੇਸ਼ੁਰ ਦੀ ਸੇਵਕਾਈ ਦੇ ਵਿੱਚ ਹਿੱਸਾ ਨਹੀਂ ਲੈ ਸਕਦਾ; ਕੇਵਲ ਓਹੋ ਜਿਹੜੇ "ਨਵਾਂ ਜਨਮ" (1 ਯੂਹੰਨਾ 5:1) ਪਾਏ ਹੋਏ ਹਨ, ਓਹੋ ਯੋਗ ਹਨ।

- ਪੌਲੁਸ ਦੀ ਉਦਾਹਰਣ ਦੇ ਅਨੁਸਾਰ ਹਰੇਕ ਵਿਸ਼ਵਾਸੀ ਦੌੜ ਦੇ ਵਿੱਚ ਹੈ। ਪ੍ਰਸ਼ਨ ਇਹ ਹੈ: ਕੀ ਅਸੀਂ ਦੌੜ ਰਹੇ ਹਾਂ, ਕੀ ਅਸੀਂ ਚੱਲ ਰਹੇ ਹਾਂ, ਜਾਂ ਕੀ ਅਸੀਂ ਬੈਠੇ ਹਾਂ ਅਤੇ ਵੇਖ ਰਹੇ ਹਾਂ?

- ਉਹ ਉਸ ਮੁਕਟ ਨੂੰ ਜਿੱਤਣ ਲਈ ਦੌੜੇ ਜੋ *"ਨਾਸਵਾਨ ਮੁਕਟ ਹੈ: ਪਰ ਅਸੀਂ ਅਵਿਨਾਸੀ ਦੇ ਲਈ"।* ਅਸੀਂ ਮੁਕਾਬਲਾ ਕਰਨ ਲਈ ਅਤੇ ਆਪਣੀ ਖੇਡ ਵਿੱਚ ਜਿੱਤਣ ਲਈ ਸਖ਼ਤ ਕੋਸ਼ਿਸ਼ ਕਰਦੇ ਹਾਂ ਅਤੇ ਹੋਰ ਵੀ ਬਹੁਤ ਸਾਰੇ ਖੇਤਰਾਂ ਵਿੱਚ ਅਜਿਹਾ ਕਰਦੇ ਹਾਂ, ਅਸੀਂ ਇਹ ਸਾਰਾ ਕੁਝ ਇਸ ਲਈ ਕਰਦੇ ਹਾਂ ਕਿ ਉਸ ਇਨਾਮ ਜਾਂ ਮੈਡਲ ਨੂੰ ਆਪਣੀ ਕੰਧ ਉੱਤੇ ਟੰਗ ਸਕੀਏ ਜਿਸ ਦੀ ਬਹੁਤ ਘੱਟ ਅਤੇ ਸਦਾ ਨਾ ਰਹਿਣ ਵਾਲੀ ਕੀਮਤ ਹੈ।

- ਜਿਵੇਂ ਅਥਲੀਟਾਂ ਲਈ ਬਹੁਤ ਸਾਰੀਆਂ ਚੰਗੀਆਂ ਚੀਜ਼ਾਂ ਤੋਂ **ਆਪਣੇ ਆਪ ਨੂੰ ਰੋਕਣਾ** ਜ਼ਰੂਰੀ ਹੁੰਦਾ ਹੈ, ਇਸੇ ਤਰ੍ਹਾਂ ਵਿਸ਼ਵਾਸੀਆਂ ਨੂੰ ਵੀ **ਸਭਨੀਂ ਗੱਲੀਂ ਸੰਜਮੀ** ਹੋਣਾ ਚਾਹੀਦਾ ਹੈ ਅਤੇ **ਆਪਣੇ ਸਰੀਰ ਨੂੰ ਮਾਰਦਾ ਕੁੱਟਦਾ** ਅਤੇ ਉਹ ਨੂੰ **ਆਪਣੇ ਵੱਸ ਵਿੱਚ** ਲਿਆਉਂਦਾ ਹਾਂ ਜਾਂ ਉਹ **ਅਪਰਵਾਨ ਹੋ** ਜਾਵੇਗਾ। ਉਹ **ਆਪਣੀ ਮੁਕਤੀ ਨੂੰ ਨਹੀਂ ਗੁਆਵੇਗਾ** ਪਰ ਉਹ "ਜੇਤੂ ਦੇ ਮੁਕਟ" ਨੂੰ ਗੁਆ ਦੇਵੇਗਾ।

ਮੈਂ ਛੇਤੀ ਆਉਂਦਾ ਹਾਂ। ਜੋ ਕੁਝ ਤੇਰੇ ਕੋਲ ਹੈ ਸੋ **ਤਕੜਾਈ ਨਾਲ ਫੜੀ ਰੱਖ** ਕਿਤੇ **ਐਉਂ ਨਾ ਹੋਵੇ ਭਈ ਕੋਈ ਤੇਰਾ ਮੁਕਟ ਲੈ ਜਾਵੇ**। ਪਰਕਾਸ਼ ਦੀ ਪੋਥੀ 3:11

ਇਬਰਾਨੀਆਂ 12:1-2 ਉਪਰੰਤ ਜਦੋਂ ਗਵਾਹਾਂ ਦੇ ਐਨੇ ਵੱਡੇ ਬੱਦਲ ਨੇ ਸਾਨੂੰ ਘੇਰਿਆ ਹੋਇਆ ਹੈ ਤਾਂ ਆਓ, ਅਸੀਂ ਵੀ ਹਰੇਕ ਭਾਰ ਅਤੇ ਉਸ ਪਾਪ ਨੂੰ ਜਿਹੜਾ ਸਹਿਜ ਨਾਲ ਸਾਨੂੰ ਫਸਾ ਲੈਂਦਾ ਹੈ **ਪਰੇ ਸੁੱਟ ਕੇ** ਉਸ **ਦੌੜ** ਵਿੱਚ ਜੋ ਸਾਡੇ ਸਾਹਮਣੇ ਪਈ ਹੋਈ ਹੈ **ਸਬਰ ਨਾਲ ਦੌੜੀਏ**। (2) ਅਤੇ **ਯਿਸੂ ਦੀ ਵੱਲ ਤੱਕਦੇ ਰਹੀਏ** ਜਿਹੜਾ ਨਿਹਚਾ ਦਾ ਕਰਤਾ ਅਤੇ ਸੰਪੂਰਨ ਕਰਨ ਵਾਲਾ ਹੈ, ਜਿਹ ਨੇ ਉਸ **ਅਨੰਦ** ਨਮਿੱਤ ਜੋ ਉਹ ਦੇ ਅੱਗੇ ਧਰਿਆ ਹੋਇਆ ਸੀ ਲਾਜ ਨੂੰ **ਤੁੱਛ** ਜਾਣ ਕੇ ਸਲੀਬ ਦਾ ਦੁੱਖ ਝੱਲਿਆ ਅਤੇ ਪਰਮੇਸ਼ੁਰ ਦੇ ਸਿੰਘਾਸਣ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ।

- ਯਿਸੂ ਜੋ ਸਾਡੀ ਉਦਾਹਰਣ ਹੈ ਉਸ ਨੇ ਭਿਆਨਕ ਦੁੱਖ ਝੱਲਿਆ ਅਤੇ ਆਪਣੀ ਦੌੜ ਨੂੰ ਜਿੱਤਿਆ। ਸਾਨੂੰ ਵੀ ਉਸੇ ਤਰ੍ਹਾਂ ਕਰਨਾ ਚਾਹੀਦਾ ਹੈ।

- ਵਿਸ਼ਵਾਸੀ ਨੂੰ ਆਪਣੀ ਸ਼ਕਤੀ ਪਰਮੇਸ਼ੁਰ ਤੋਂ ਪਾਉਣੀ ਚਾਹੀਦੀ ਹੈ।

ਅਫਸੀਆਂ 6:10-18 ਮੁਕਦੀ ਗੱਲ, ਪ੍ਰਭੂ ਵਿੱਚ ਅਤੇ **ਉਹ ਦੀ ਸ਼ਕਤੀ ਦੇ ਪਰਾਕਰਮ** ਵਿੱਚ **ਤਕੜੇ ਹੋਵੋ**! (11) ਪਰਮੇਸ਼ੁਰ ਦੇ ਸਾਰੇ ਸ਼ਸਤਰ ਬਸਤਰ **ਧਾਰੋ** ਤਾਂ ਜੋ ਤੁਸੀਂ ਸ਼ਤਾਨ ਦੇ ਛਲ ਛਿੱਦ੍ਰਾਂ ਦੇ ਸਾਹਮਣੇ **ਖਲੋ** ਸੱਕੋ। (12) ਕਿਉਂ ਜੋ ਸਾਡੀ ਲੜਾਈ ਲਹੂ ਅਤੇ ਮਾਸ ਨਾਲ ਨਹੀਂ ਸਗੋਂ ਹਕੂਮਤਾਂ, ਇਖਤਿਆਰਾਂ ਅਤੇ ਇਸ ਅੰਧਘੋਰ ਦੇ ਮਹਾਰਾਜਿਆਂ ਅਤੇ ਦੁਸ਼ਟ ਆਤਮਿਆਂ ਨਾਲ ਹੁੰਦੀ ਹੈ ਜੋ ਸੁਰਗੀ ਥਾਵਾਂ ਵਿੱਚ ਹਨ। (13) ਇਸ ਕਾਰਨ ਤੁਸੀਂ **ਪਰਮੇਸ਼ੁਰ ਦੇ ਸਾਰੇ ਸ਼ਸਤਰ ਬਸਤਰ** ਲੈ ਲਵੋ ਭਈ ਤੁਸੀਂ ਬੁਰੇ ਦਿਨ ਵਿੱਚ **ਸਾਹਮਣਾ ਕਰ ਸੱਕੋ** ਅਤੇ ਸੱਭੋ ਕੁਝ ਮੁਕਾ ਕੇ **ਖਲੋ** ਸੱਕੋ। (14) ਸੋ ਤੁਸੀਂ ਆਪਣੀ ਕਮਰ **ਸਚਿਆਈ** ਨਾਲ ਕੱਸ ਕੇ ਅਤੇ **ਧਰਮ** ਦੀ ਸੰਜੋ ਪਹਿਨਕੇ (15) ਅਤੇ ਮਿਲਾਪ ਦੀ **ਖੁਸ਼ ਖ਼ਬਰੀ** ਦੀ ਤਿਆਰੀ ਦੀ ਜੁੱਤੀ ਆਪਣੇ ਪੈਰੀ ਪਾ ਕੇ ਖਲੋ ਜਾਓ! (16) ਓਹਨਾਂ ਸਭਨਾਂ ਸਣੇ **ਨਿਹਚਾ** ਦੀ ਢਾਲ ਲਾਓ ਜਿਹ ਦੇ ਨਾਲ ਤੁਸੀਂ ਉਸ ਦੁਸ਼ਟ ਦੇ ਸਾਰੇ ਅਗਣ ਬਾਣਾਂ ਨੂੰ ਬੁਝਾ ਸੱਕੋਗੇ। (17) ਅਤੇ **ਮੁਕਤੀ** ਦਾ ਟੋਪ ਅਤੇ ਆਤਮਾ ਦੀ ਤਲਵਾਰ ਜੋ **ਪਰਮੇਸ਼ੁਰ ਦੀ ਬਾਣੀ** ਹੈ ਲੈ ਲਵੋ। (18) ਅਤੇ ਸਾਰੀ **ਪ੍ਰਾਰਥਨਾ** ਅਤੇ ਬੇਨਤੀ ਨਾਲ ਹਰ ਸਮੇਂ ਆਤਮਾ ਵਿੱਚ ਪ੍ਰਾਰਥਨਾ ਕਰਦੇ ਰਹੋ ਅਤੇ ਇਹ ਦੇ ਨਮਿੱਤ ਸਾਰਿਆਂ ਸੰਤਾਂ ਲਈ ਬਹੁਤ ਤਕੜਾਈ ਅਤੇ ਬੇਨਤੀ ਨਾਲ **ਜਾਗਦੇ ਰਹੋ**

- ਵਿਸ਼ਵਾਸੀ ਨੂੰ ਪਰਮੇਸ਼ੁਰ ਦੀ ਦੌੜ ਅਤੇ ਸੰਸਾਰ ਦੀ ਦੌੜ ਦੋਵਾਂ ਵਿੱਚ ਦੌੜਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਤੁਸੀਂ ਦੋ ਮਾਲਕਾਂ ਨੂੰ ਖੁਸ਼ ਨਹੀਂ ਕਰ ਸਕਦੇ। (ਮੱਤੀ 6:24)।
  ਰੋਮੀਆਂ 12:1-2 ਸੋ ਹੇ ਭਰਾਵੋ, ਮੈਂ ਪਰਮੇਸ਼ੁਰ ਦੀਆਂ ਰਹਮਤਾਂ ਦੀ ਖਾਤਰ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ **ਆਪਣੀਆਂ ਦੇਹੀਆਂ ਨੂੰ** ਜੀਉਂਦਾ ਅਤੇ **ਪਵਿੱਤਰ** ਅਤੇ ਪਰਮੇਸ਼ੁਰ ਨੂੰ ਭਾਉਂਦਾ ਬਲੀਦਾਨ ਕਰਕੇ **ਚੜ੍ਹਾਵੋ**, ਇਹ ਤੁਹਾਡੀ ਰੂਹਾਨੀ ਬੰਦਗੀ ਹੈ। (2) ਅਤੇ **ਇਸ ਜੁੱਗ ਦੇ ਰੂਪ ਜੇਹੇ ਨਾ ਬਣੋ** ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ।

- ਵਿਸ਼ਵਾਸੀ ਨੂੰ ਵਿਸ਼ਵਾਸ ਦੇ ਦੁਆਰਾ ਉਸ ਹਰੇਕ ਚੀਜ਼ ਤੋਂ ਇਨਕਾਰ ਕਰਨਾ ਚਾਹੀਦਾ ਹੈ ਜੋ ਆਤਮਿਕ ਵਾਧੇ ਵਿੱਚ ਰੁਕਾਵਟ ਬਣਦੀ ਹੈ। ਇਬਰਾਨੀਆਂ 11:24-27 **ਨਿਹਚਾ** ਨਾਲ ਮੂਸਾ ਨੇ ਜਾਂ ਸਿਆਣਾ ਹੋਇਆ ਤਾਂ ਫ਼ਿਰਊਨ ਦੀ ਧੀ ਦਾ ਪੁੱਤਰ ਅਖਵਾਉਣ ਤੋਂ **ਇਨਕਾਰ ਕੀਤਾ**। (25) ਕਿਉਂ ਜੋ ਉਹ ਨੇ ਪਾਪ ਦੇ ਭੋਗ ਬਿਲਾਸ ਨਾਲੋਂ ਜੋ ਥੋੜੇ ਚਿਰ ਲਈ ਹੈ ਪਰਮੇਸ਼ੁਰ ਦੀ ਪਰਜਾ ਨਾਲ ਜਬਰੀ ਝੱਲਣ ਨੂੰ ਬਾਹਲਾ **ਪਸੰਦ ਕੀਤਾ**। (26) ਅਤੇ ਉਹ ਨੇ ਵਿਚਾਰ ਕੀਤਾ ਭਈ ਮਸੀਹ ਦੇ ਨਮਿੱਤ ਨਿੰਦਿਆ ਜਾਣਾ ਮਿਸਰ ਦੇ ਖ਼ਜ਼ਾਨਿਆਂ ਨਾਲੋਂ **ਵੱਡਾ ਧਨ** ਹੈ ਕਿਉਂ ਜੋ **ਫਲ ਵੱਲ ਉਹ ਦਾ ਧਿਆਨ ਸੀ**। (27) ਨਿਹਚਾ ਨਾਲ ਉਹ ਨੇ ਪਾਤਸ਼ਾਹ ਦੇ ਕ੍ਰੋਧ ਤੋਂ ਭੈ ਨਾ ਕਰ ਕੇ ਮਿਸਰ ਨੂੰ ਛੱਡ ਦਿੱਤਾ ਕਿਉਂ ਜੋ **ਉਹ ਅਲੱਖ ਨੂੰ ਜਾਣੀਦਾ ਲੱਖ ਕੇ ਤਕੜਾ ਰਿਹਾ।**

ਇੱਕ ਪਾਸੇ ਬੈਠ ਕੇ ਵੇਖੋ ਹੀ ਨਾ ਆਪਣੇ ਸਦੀਪਕ ਜੇਤੂ ਦੇ ਮੁਕਟ ਨੂੰ ਜਿੱਤਣ ਲਈ ਦੌੜੋ।

1 ਯੂਹੰਨਾ 2:28 ਅਤੇ ਹੁਣ ਹੇ ਬੱਚਿਓ, ਤੁਸੀਂ ਉਹ ਦੇ ਵਿੱਚ ਕਾਇਮ ਰਹੋ ਭਈ ਜਦ ਉਹ ਪਰਗਟ ਹੋਵੇ ਤਾਂ ਸਾਨੂੰ ਦਿਲੇਰੀ ਹੋਵੇ ਅਤੇ ਉਹ ਦੇ ਆਉਣ ਦੇ ਵੇਲੇ ਅਸੀਂ ਉਹ ਦੇ ਅੱਗੇ **ਲੱਜਿਆਵਾਨ ਨਾ ਹੋਈਏ**।

ਮੈਂ ਛੇਤੀ ਆਉਂਦਾ ਹਾਂ। ਜੋ ਕੁਝ ਤੇਰੇ ਕੋਲ ਹੈ ਸੋ **ਤਕੜਾਈ ਨਾਲ ਫੜੀ ਰੱਖ** ਕਿਤੇ **ਐਉਂ ਨਾ ਹੋਵੇ ਭਈ ਕੋਈ ਤੇਰਾ ਮੁਕਟ ਲੈ ਜਾਵੇ।** ਪਰਕਾਸ਼ ਦੀ ਪੋਥੀ 3:11

## V. ਅਨੰਦ ਦਾ ਮੁਕਟ

1 ਥੱਸਲੁਨੀਕੀਆਂ 2:19-20 ਸਾਡੀ ਆਸ ਯਾ **ਅਨੰਦ** ਯਾ ਅਭਮਾਨ **ਦਾ ਮੁਕਟ** ਕੌਣ ਹੈ? ਭਲਾ, ਸਾਡੇ ਪ੍ਰਭੂ ਯਿਸੂ ਅੱਗੇ ਉਹ ਦੇ ਆਉਣ ਦੇ ਵੇਲੇ **ਤੁਸੀਂ ਨਹੀਂ ਹੋਵੋਗੇ**? (20) ਕਿਉਂ ਜੋ ਤੁਸੀਂ ਸਾਡੇ ਪਰਤਾਪ ਅਤੇ ਅਨੰਦ ਦਾ ਕਾਰਨ ਹੋ।

**ਅਨੰਦ ਦਾ ਮੁਕਟ ਪ੍ਰਭੂ ਯਿਸੂ ਮਸੀਹ ਲਈ ਲੋਕਾਂ ਨੂੰ ਜਿੱਤਣ** ਦੇ ਲਈ ਹੈ। ਸਭ ਤੋਂ ਵੱਡਾ ਕੰਮ ਜੋ ਤੁਹਾਨੂੰ ਪ੍ਰਭੂ ਲਈ ਕਰਨ ਦਾ ਮੌਕਾ ਮਿਲਿਆ ਹੈ ਉਹ ਹੈ "ਲੇਲੇ ਦੇ ਲਈ ਉਸ ਦੇ ਦੁੱਖ ਝੱਲਣ ਦਾ ਫਲ ਇਕੱਠਾ ਕਰਨਾ"।

ਸਵਰਗ ਦੇ ਵਿੱਚ ਸਾਡੇ ਅਨੰਦ ਦਾ ਭਾਗ ਉਨ੍ਹਾਂ ਲੋਕਾਂ ਦੇ ਦੁਆਰਾ ਨਿਰਧਾਰਿਤ ਕੀਤਾ ਜਾਵੇਗਾ ਜਿਨ੍ਹਾਂ ਦੀ ਅਸੀਂ ਯਿਸੂ ਕੋਲ ਆਉਣ ਵਿੱਚ ਸਹਾਇਤਾ ਕੀਤੀ ਹੈ।

ਪੌਲੁਸ ਥੱਸਲੁਨੀਕੀਆਂ ਦੇ ਵਿਸ਼ਵਾਸੀਆਂ ਨੂੰ ਦੱਸਦਾ ਹੈ ਕਿ ਉਹ ਉਸ ਦੀ ਆਸ ਯਾ ਅਨੰਦ ਯਾ ਅਭਮਾਨ ਦਾ ਮੁਕਟ ਹਨ ਹੁਣ ਅਤੇ ਜਦੋਂ ਯਿਸੂ ਆਉਂਦਾ ਹੈ।

- ਅਭਮਾਨ ਦਾ ਮੁਕਟ
- ਮੁਕਟ ਜਿਸ ਵਿੱਚ ਸਾਡੀ ਮਹਿਮਾ ਹੋਵੇਗੀ – NIV ਬਾਈਬਲ ਤੋਂ ਹਵਾਲਾ
- ਜੋ ਸਾਡਾ ਘਮੰਡ ਦਾ ਮੁਕਟ ਅਤੇ ਇਨਾਮ ਹੈ – NLT ਬਾਈਬਲ ਤੋਂ ਹਵਾਲਾ

ਲੋਕਾਂ ਨੂੰ ਯਿਸੂ ਦੇ ਕੋਲ ਲੈ ਕੇ ਆਉਣਾ ਸਾਡਾ ਇਸ ਧਰਤੀ ਉੱਤੇ ਰਹਿਣ ਦਾ ਮਕਸਦ ਹੈ।

ਰਸੂਲਾਂ ਦੇ ਕਰਤੱਬ 1:8 ਪਰ ਜਾ ਪਵਿੱਤਰ ਆਤਮਾ ਤੁਹਾਡੇ ਉੱਤੇ ਆਵੇਗਾ ਤਾਂ ਤੁਸੀਂ ਸ਼ਕਤੀ ਪਾਓਗੇ ਅਤੇ ਯਰੂਸ਼ਲਮ ਅਰ ਸਾਰੇ ਯਹੂਦਿਯਾ ਅਤੇ ਸਾਮਰਿਯਾ ਵਿੱਚ ਸਗੋਂ ਧਰਤੀ ਦੇ ਬੰਨੇ ਤੀਕੁਰ ਮੇਰੇ **ਗਵਾਹ** ਹੋਵੋਗੇ।

ਮੱਤੀ 28:19-20 ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ **ਚੇਲੇ ਬਣਾਓ** ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ। (20) ਅਰ ਉਨ੍ਹਾਂ ਨੂੰ ਸਿਖਾਓ ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਨਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਵੇਖੋ ਮੈਂ ਜੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ।

- ਮਸੀਹ ਦੇ ਲਈ ਲੋਕਾਂ ਨੂੰ ਜਿੱਤਣਾ ਬੁੱਧੀਮਾਨੀ ਹੈ। ਕਹਾਉਤਾਂ 11:30 ਧਰਮੀ ਦਾ ਫਲ ਜੀਉਣ ਦਾ ਬਿਰਛ ਹੈ, ਅਤੇ ਜਿਹੜਾ ਬੁੱਧਵਾਨ ਹੈ ਉਹ ਲੋਕਾਂ ਦੇ ਮਨਾਂ ਨੂੰ ਮੋਹ ਲੈਂਦਾ ਹੈ।

- ਦੂਸਰਿਆਂ ਨੂੰ ਮਸੀਹ ਦੇ ਲਈ ਜਿੱਤਣਾ ਪਾਪ ਦੇ ਵਿਰੁੱਧ ਇੱਕ ਕੰਮ ਹੈ। ਯਾਕੂਬ 5:20 ਤਾਂ ਉਹ ਜਾਣ ਲਵੇ ਭਈ ਜਿਹ ਨੇ ਇੱਕ ਪਾਪੀ ਨੂੰ ਉਹ ਦੀ ਬਦਰਾਹੀ ਤੋਂ ਮੋੜ ਲਿਆਂਦਾ ਉਹ ਇੱਕ ਜਾਨ ਨੂੰ ਮੌਤ ਤੋਂ ਬਚਾਵੇਗਾ ਅਤੇ ਬਾਹਲਿਆਂ ਪਾਪਾਂ ਨੂੰ ਢੱਕ ਦੇਵੇਗਾ।

- ਉਸ ਦੀਆਂ ਭੇਡਾਂ ਨੂੰ ਉਸ ਦੇ ਕੋਲ ਲਿਆਉਣਾ ਸਵਰਗ ਦੇ ਵਿੱਚ ਅਨੰਦ ਦਾ ਕਾਰਨ ਹੁੰਦਾ ਹੈ। ਲੂਕਾ 15:10 ਮੈਂ ਤੁਹਾਨੂੰ ਆਖਦਾ ਹਾਂ ਭਈ ਇਸੇ ਤਰਾਂ ਪਰਮੇਸ਼ੁਰ ਦਿਆਂ ਦੂਤਾਂ ਦੇ ਅੱਗੇ ਇੱਕ ਤੋਬਾ ਕਰਨ ਵਾਲੇ ਪਾਪੀ ਦੇ ਕਾਰਨ ਖੁਸ਼ੀ ਹੁੰਦੀ ਹੈ।

- ਉਸ ਦੇ ਖਜ਼ਾਨੇ ਨੂੰ ਉਸ ਦੇ ਕੋਲ ਲੈ ਕੇ ਆਉਣ ਦਾ ਸਦੀਪਕ ਲਾਭ ਹੈ। ਮੱਤੀ 6:19-20 ਆਪਣੇ ਲਈ ਧਰਤੀ ਉੱਤੇ ਧਨ ਨਾ ਜੋੜੋ ਜਿੱਥੇ ਕੀੜਾ ਅਤੇ ਜੰਗਾਲ ਵਿਗਾੜਦਾ ਹੈ ਅਰ ਜਿੱਥੇ ਚੋਰ ਸੰਨ੍ਹ ਮਾਰਦੇ ਅਤੇ ਚੁਰਾਉਂਦੇ ਹਨ। (20) ਪਰ ਸੁਰਗ ਵਿੱਚ ਆਪਣੇ ਲਈ ਧਨ ਜੋੜੋ ਜਿੱਥੇ ਨਾ ਕੀੜਾ ਨਾ ਜੰਗਾਲ ਵਿਗਾੜਦਾ ਹੈ ਅਰ ਜਿੱਥੇ ਚੋਰ ਨਾ ਸੰਨ੍ਹ ਮਾਰਦੇ ਨਾ ਚੁਰਾਉਂਦੇ ਹਨ।

- ਆਪਣੇ ਜੀਵਨ ਨਾਲ ਗਵਾਹੀ ਦੇਵੋ – ਇਸ ਤਰ੍ਹਾਂ ਰਹੋ ਕਿ ਦੂਸਰੇ ਤੁਹਾਡੇ ਵਿੱਚ ਯਿਸੂ ਨੂੰ ਵੇਖ ਸਕਣ। 1 ਕੁਰਿੰਥੀਆਂ 9:19-23 ਭਾਵੇਂ ਮੈਂ ਸਭਨਾਂ ਤੋਂ ਅਜ਼ਾਦ ਸਾਂ ਤਾਂ ਵੀ ਆਪਣੇ ਆਪ ਨੂੰ ਸਭਨਾਂ ਦਾ ਦਾਸ ਕੀਤਾ ਭਈ ਮੈਂ ਬਾਹਲਿਆਂ ਨੂੰ ਖਿੱਚ ਲਿਆਵਾਂ . . . ਮੈਂ ਸਭਨਾਂ ਲਈ ਸਭ ਕੁਝ ਬਣਿਆ ਹਾਂ ਤਾਂ ਜੋ ਮੈਂ ਹਰ ਤਰਾਂ ਨਾਲ ਕਈਆਂ ਨੂੰ ਬਚਾਵਾਂ। (23) ਅਤੇ ਮੈਂ ਸੱਭੋ ਕੁਝ ਇੰਜੀਲ ਦੇ ਨਮਿੱਤ ਕਰਦਾ ਹਾਂ ਭਈ ਮੈਂ ਹੋਰਨਾਂ ਨਾਲ ਰਲ ਕੇ ਉਸ ਵਿੱਚ ਸਾਂਝੀ ਹੋ ਜਾਵਾਂ।
  ਗਲਾਤੀਆਂ 2:20 ਮੈਂ ਮਸੀਹ ਦੇ ਲਈ ਸਲੀਬ ਦਿੱਤਾ ਗਿਆ ਹਾਂ ਪਰ ਹੁਣ ਤੋਂ ਮੈਂ ਤਾਂ ਨਹੀਂ ਜੀਉਂਦਾ ਮਸੀਹ ਮੇਰੇ ਵਿੱਚ ਜੀਉਂਦਾ ਹੈ . . .

- ਆਪਣੇ ਸ਼ਬਦਾਂ ਨਾਲ ਗਵਾਹੀ ਦੇਵੋ – ਪਵਿੱਤਰ ਆਤਮਾ ਉੱਤੇ ਭਰੋਸਾ ਕਰਨਾ ਕਿ ਜੋ ਤੁਸੀਂ ਆਖੋਗੇ, ਉਹ ਦੇਵੇਗਾ। ਲੂਕਾ 12:11-12 ਜਾਂ ਤੁਹਾਨੂੰ ਸਮਾਜਾਂ ਅਰ ਸਰਦਾਰਾਂ ਅਤੇ ਹਾਕਮਾਂ ਦੇ ਅੱਗੇ ਲੈ ਜਾਣ ਤਾਂ ਚਿੰਤਾ ਨਾ ਕਰੋ ਜੋ ਅਸੀਂ ਕਿੱਕੁਰ ਯਾ ਕੀ ਉੱਤਰ ਦੇਈਏ ਯਾ ਕੀ ਆਖੀਏ? (12) ਕਿਉਂਕਿ ਪਵਿੱਤਰ ਆਤਮਾ ਉਸੇ ਘੜੀ ਤੁਹਾਨੂੰ ਸਿਖਾਲੇਗਾ ਭਈ ਕੀ ਕਹਿਣਾ ਚਾਹੀਦਾ ਹੈ।
  ਲੂਕਾ 21:15 ਕਿਉਂ ਜੋ ਮੈ ਤੁਹਾਨੂੰ ਇਹੋ ਜਿਹਾ ਮੂੰਹ ਅਤੇ ਬੁੱਧ ਦਿਆਂਗਾ ਜਿਹ ਦਾ ਤੁਹਾਡੇ ਸਾਰੇ ਵਿਰੋਧੀ ਸਾਹਮਣਾ ਯਾ ਖੰਡਣ ਨਾ ਕਰ ਸੱਕਣਗੇ।

- ਜੋ ਕੁਝ ਪਰਮੇਸ਼ੁਰ ਨੇ ਤੁਹਾਨੂੰ ਦਿੱਤਾ ਹੈ ਉਸ ਦੇ ਨਾਲ ਉਸ ਦੇ ਸੇਵਕਾਂ ਦੀ ਸਹਾਇਤਾ ਕਰਨ ਦੇ ਦੁਆਰਾ ਉਸ ਦੇ ਚੰਗੇ ਭੰਡਾਰੀ ਬਣੋ। ਲੂਕਾ 12:42 ਪ੍ਰਭੂ ਨੇ ਅੱਗੋਂ ਆਖਿਆ, ਉਹ ਮਾਤਬਰ ਅਤੇ ਬੁੱਧਵਾਨ ਮੁਖ਼ਤਿਆਰ ਕੌਣ ਹੈ ਜਿਹ ਨੂੰ ਮਾਲਕ ਆਪਣੇ ਨੌਕਰਾਂ ਚਾਕਰਾਂ ਉੱਤੇ ਠਹਿਰਾਵੇ ਭਈ ਵੇਲੇ ਸਿਰ ਉਨ੍ਹਾਂ ਨੂੰ ਰਸਤ ਦੇਵੇ?

  ਫਿਲੱਪੀਆਂ 4:15-17 ਹੇ ਫ਼ਿਲਿੱਪੀਓ, ਤੁਸੀਂ ਆਪ ਵੀ ਜਾਣਦੇ ਹੋ ਭਈ ਜਾਂ ਮੈਂ ਖੁਸ਼ ਖਬਰੀ ਪਹਿਲਾਂ ਸੁਣਾਉਣ ਲੱਗਾ . . . ਕਿਸੇ ਕਲੀਸਿਯਾ ਨੇ ਲੈਣ ਦੇਣ ਦੀ ਗੱਲ ਵਿੱਚ ਮੇਰਾ ਸਾਥ ਨਾ ਦਿੱਤਾ ਪਰ ਕੇਵਲ ਤੁਸਾਂ। (16) ਕਿਉਂ ਜੋ ਥਸੱਲੁਨੀਕੇ ਵਿੱਚ ਭੀ ਤੁਸਾਂ ਮੇਰੀ ਲੋੜ ਪੂਰੀ ਕਰਨ ਲਈ ਇਕੇਰਾਂ ਨਹੀਂ ਸਗੋਂ ਕਈ ਵੇਰਾਂ ਕੁਝ ਘੱਲ

ਦਿੱਤਾ। (17) ਇਹ ਨਹੀਂ ਜੋ ਮੈਂ ਦਾਨ ਚਾਹੁੰਦਾ ਹਾਂ ਪਰ **ਮੈਂ ਉਹ ਫਲ ਚਾਹੁੰਦਾ ਹਾਂ ਜੋ ਤੁਹਾਡੇ ਲੇਖੇ ਵਿੱਚ ਵਧਦਾ ਜਾਂਦਾ ਹੈ**

2 ਕੁਰਿੰਥੀਆਂ 9:6-9 ਪਰ ਗੱਲ ਇਹ ਹੈ ਭਈ ਜਿਹੜਾ ਘੱਟ ਬੀਜਦਾ ਹੈ ਉਹ ਘੱਟ ਵੱਢੇਗਾ ਅਤੇ ਜਿਹੜਾ ਖੁਲ੍ਹੇ ਦਿਲ ਬੀਜਦਾ ਹੈ ਉਹ ਖੁਲ੍ਹੇ ਦਿਲ ਵੱਢੇਗਾ। (7) ਹਰੇਕ ਜਿਵੇਂ ਉਹ ਨੇ ਦਿਲ ਵਿੱਚ ਧਾਰਿਆ ਹੈ ਤਿਵੇਂ ਕਰੇ, ਰੰਜ ਨਾਲ ਅਥਵਾ ਲਚਾਰੀ ਨਾਲ ਨਹੀਂ ਕਿਉਂ ਜੋ **ਪਰਮੇਸ਼ੁਰ ਖੁਸ਼ੀ ਨਾਲ ਦੇਣ ਵਾਲੇ ਨੂੰ ਪਿਆਰ ਕਰਦਾ ਹੈ**। (8) ਅਤੇ ਪਰਮੇਸ਼ੁਰ ਤੁਹਾਡੇ ਉੱਤੇ ਸਾਰੀ ਕਿਰਪਾ ਬਹੁਤੀ ਕਰ ਸੱਕਦਾ ਹੈ ਭਈ ਹਰ ਪਰਕਾਰ ਨਾਲ ਸਦਾ ਸਭ ਕੁਝ ਤੁਹਾਡੇ ਕੋਲ ਹੋਵੇ ਕਿ **ਹਰ ਸ਼ੁਭ ਕਰਮ ਲਈ ਤੁਹਾਡੇ ਕੋਲ ਵਾਫ਼ਰ ਭੀ ਹੋਵੇ**।

- ਪਰਮੇਸ਼ੁਰ ਨੇ ਵਾਅਦਾ ਕੀਤਾ ਹੈ ਕਿ ਉਸ ਵਿੱਚ ਤੁਹਾਡੀ ਮਿਹਨਤ ਵਿਅਰਥ ਨਹੀਂ ਹੋਵੇਗੀ।
  1 ਕੁਰਿੰਥੀਆਂ 15:58 ਸੋ ਹੇ ਮੇਰੇ ਪਿਆਰੇ ਭਰਾਵੋ, ਤੁਸੀਂ ਇਸਥਿਰ ਅਤੇ ਅਡੋਲ ਹੋਵੋ ਅਤੇ ਪ੍ਰਭੂ ਦੇ ਕੰਮ ਵਿੱਚ ਸਦਾ ਵਧਦੇ ਜਾਓ ਕਿਉਂ ਜੋ ਤੁਸੀਂ ਜਾਣਦੇ ਹੋ ਜੋ ਪ੍ਰਭੂ ਵਿੱਚ **ਤੁਹਾਡੀ ਮਿਹਨਤ ਥੋਥੀ ਨਹੀਂ ਹੈ**।

- ਉਹ ਜੋ ਦੂਸਰਿਆਂ ਨੂੰ ਮਸੀਹ ਦੇ ਕੋਲ ਲੈ ਕੇ ਆਉਂਦਾ ਹੈ ਉਹ ਇਕੱਲਾ ਹੀ ਅਨੰਦ ਨਹੀਂ ਹੋਵੇਗਾ – ਜਦੋਂ ਉਹ "ਅਨੰਦ ਦਾ ਮੁਕਟ" ਪ੍ਰਾਪਤ ਕਰੇਗਾ ਤਾਂ ਸਵਰਗ ਦੇ ਸਾਰੇ ਉਸ ਦੇ ਨਾਲ ਅਨੰਦ ਹੋਣਗੇ। ਯੂਹੰਨਾ 4:36 ਜਿਹੜਾ ਵੱਢਦਾ ਹੈ ਉਹ ਮਜੂਰੀ ਲੈਂਦਾ ਅਤੇ ਸਦੀਪਕ ਜੀਉਣ ਲਈ ਫਲ ਇਕੱਠਾ ਕਰਦਾ ਹੈ ਤਾਂ ਬੀਜਣ ਵਾਲਾ ਅਤੇ ਵੱਢਣ ਵਾਲਾ **ਦੋਵੇਂ ਅਨੰਦ ਹੋਣ**।

1 ਯੂਹੰਨਾ 2:28 ਅਤੇ ਹੁਣ ਹੇ ਬੱਚਿਓ, ਤੁਸੀਂ ਉਹ ਦੇ ਵਿੱਚ ਕਾਇਮ ਰਹੋ ਭਈ ਜਦ ਉਹ ਪਰਗਟ ਹੋਵੇ ਤਾਂ **ਸਾਨੂੰ ਦਿਲੇਰੀ ਹੋਵੇ** ਅਤੇ ਉਹ ਦੇ ਆਉਣ ਦੇ ਵੇਲੇ ਅਸੀਂ ਉਹ ਦੇ ਅੱਗੇ ਲੱਜਿਆਵਾਨ ਨਾ ਹੋਈਏ।

ਪਰਕਾਸ਼ ਦੀ ਪੋਥੀ 3:11 ਮੈਂ ਛੇਤੀ ਆਉਂਦਾ ਹਾਂ। ਜੋ ਕੁਝ ਤੇਰੇ ਕੋਲ ਹੈ ਸੋ **ਤਕੜਾਈ ਨਾਲ ਫੜੀ ਰੱਖ** ਕਿਤੇ **ਐਉਂ ਨਾ ਹੋਵੇ ਭਈ ਕੋਈ ਤੇਰਾ ਮੁਕਟ ਲੈ ਜਾਵੇ**।

## VI. ਧਰਮ ਦਾ ਮੁਕਟ

2 ਤਿਮੋਥਿਉਸ 4:5-8 ਪਰ ਤੂੰ ਸਭਨੀਂ ਗੱਲੀਂ **ਸੁਚੇਤ** ਰਹੀਂ, **ਦੁੱਖ ਝੱਲੀਂ**, **ਪਰਚਾਰਕ ਦਾ ਕੰਮ ਕਰੀਂ**, **ਆਪਣੀ ਸੇਵਕਾਈ** ਨੂੰ ਪੂਰਿਆਂ ਕਰੀਂ, (6) ਕਿਉਂ ਜੋ ਹੁਣ ਮੈਂ ਆਪਣੇ ਲਹੂ ਦਾ ਅਰਘ ਦੇਣ ਨੂੰ ਹਾਂ ਅਤੇ ਮੇਰੇ ਕੂਚ ਦਾ ਨਗਾਰਾ ਵੱਜਣ ਲੱਗਾ ਹੈ। (7) **ਮੈਂ ਅੱਛੀ ਲੜਾਈ ਲੜ ਚੁੱਕਾ ਹਾਂ**, ਮੈਂ ਦੌੜ ਮੁਕਾ ਛੱਡੀ, ਮੈਂ ਨਿਹਚਾ ਦੀ ਸਾਂਭ ਕੀਤੀ ਹੈ। (8) ਹੁਣ ਤੋਂ **ਧਰਮ ਦਾ ਮੁਕਟ** ਮੇਰੇ ਲਈ ਰੱਖਿਆ ਹੋਇਆ ਹੈ ਜਿਹੜਾ ਪ੍ਰਭੂ ਜੋ ਧਰਮੀ ਨਿਆਈ ਹੈ ਉਸ ਦਿਨ ਮੈਨੂੰ ਦੇਵੇਗਾ ਅਤੇ ਕੇਵਲ ਮੈਨੂੰ ਹੀ ਨਹੀਂ ਸਗੋਂ **ਓਹਨਾਂ ਸਭਨਾਂ ਨੂੰ ਵੀ ਜਿਨ੍ਹਾਂ ਉਹ ਦੇ ਪਰਕਾਸ਼ ਹੋਣ ਨੂੰ ਪਿਆਰਾ ਜਾਣਿਆ**।

ਧਰਮ ਦਾ ਮੁਕਟ ਇੱਕ ਫਲ ਹੈ ਅਤੇ "ਪਰਮੇਸ਼ੁਰ ਦੀ ਧਾਰਮਿਕਤਾ" ਦੇ ਨਾਲ ਉਲਝਣ ਵਿੱਚ ਨਾ ਪਵੋ, ਇਹ ਇੱਕ **ਦਾਤ** ਹੈ ਜੋ ਸਾਰੇ ਵਿਸ਼ਵਾਸ ਕਰਨ ਵਾਲਿਆਂ ਨੂੰ ਦਿੱਤੀ ਗਈ ਹੈ।

ਧਰਮ ਦਾ ਮੁਕਟ ਵਿਸ਼ਵਾਸੀ ਦੇ **ਪ੍ਰਾਪਤ ਕਰਨ** ਲਈ ਇੱਕ ਫਲ ਹੈ। ਜੇਕਰ ਵਿਸ਼ਵਾਸ ਮਸੀਹ ਦੇ ਦੂਸਰੇ ਆਗਮਨ ਨੂੰ ਪਿਆਰ ਕਰਦਾ ਹੈ, ਇਸ ਦੀ ਤਾਂਘ ਕਰਦਾ ਹੈ ਅਤੇ ਇਸ ਨੂੰ ਉਡੀਕਦਾ ਹੈ, ਤਾਂ ਇਹ ਉਸ ਦੇ ਜੀਵਨ ਜੀਉਣ ਦੇ ਢੰਗ ਉੱਤੇ ਅਤੇ "ਉਸ ਦੀ ਸੇਵਕਾਈ ਨੂੰ ਪੂਰਾ ਕਰਨ" ਵਿੱਚ ਅਸਰ ਪਾਵੇਗਾ।

> ਮੱਤੀ 24:14 ਅਤੇ ਰਾਜ ਦੀ ਇਸ ਖ਼ੁਸ਼ ਖ਼ਬਰੀ ਦਾ ਪਰਚਾਰ ਸਾਰੀ ਦੁਨੀਆ ਵਿੱਚ ਕੀਤਾ ਜਾਵੇਗਾ ਜੋ ਸਭ ਕੌਮਾਂ ਉੱਤੇ ਸਾਖੀ ਹੋਵੇ **ਤਦ ਅੰਤ ਆਵੇਗਾ**।

ਇਸ ਸੱਚਾਈ ਦਾ ਰਸੂਲ ਪੌਲੁਸ ਦੇ ਜੀਵਨ ਉੱਤੇ ਵੱਡਾ ਪ੍ਰਭਾਵ ਸੀ ਅਤੇ ਇਸ ਲਈ ਉਹ ਕਹਿ ਸਕਿਆ:

- ਮੈਂ ਅੱਛੀ ਲੜਾਈ ਲੜ ਚੁੱਕਾ ਹਾਂ: ਉਸ ਨੇ ਆਪਣੇ ਮਸੀਹੀ ਜੀਵਨ ਵਿੱਚ ਆਤਮਿਕ ਲੜਾਈ ਲੜੀ, ਯਿਸੂ ਮਸੀਹ ਉੱਤੇ ਆਪਣਾ ਧਿਆਨ ਲਾਇਆ ਅਤੇ ਆਪਣੀ ਸੇਵਕਾਈ ਨੂੰ ਪੂਰਾ ਕੀਤਾ। ਉਸ ਨੇ ਪ੍ਰਭੂ ਯਿਸੂ ਮਸੀਹ ਦੇ ਲਈ ਆਪਣੇ ਸ਼ਕਤੀ ਦੇਣ ਵਾਲੇ ਪਿਆਰ ਦੇ ਕਾਰਨ ਕਦੇ ਵੀ ਧਾਰਮਿਕਤਾ ਦੇ ਵੈਰੀਆਂ ਅੱਗੇ ਸਮਰਪਣ ਨਹੀਂ ਕੀਤਾ।

- ਮੈਂ ਦੌੜ ਮੁਕਾ ਛੱਡੀ। ਉਸ ਕੋਲ ਚੱਲਣ ਦੇ ਲਈ ਇੱਕ ਰਾਹ ਸੀ, ਪੂਰਾ ਕਰਨ ਲਈ ਇੱਕ ਮਕਸਦ ਅਤੇ ਬੁਲਾਹਟ ਸੀ। ਉਹ ਮੁਸ਼ਕਿਲ ਸਥਾਨਾਂ ਤੋਂ ਪਾਸੇ ਨਹੀਂ ਮੁੜਿਆ; ਨਾ ਹੀ ਉਸ ਨੇ ਪਿਛਾਂਹ ਮੁੜ ਕੇ ਵੇਖਿਆ। ਉਸ ਨੇ ਮਸੀਹ ਵੱਲ ਆਪਣੀਆਂ ਅੱਖਾਂ ਨੂੰ ਲਾ ਕੇ ਆਪਣੀ ਦੌੜ ਨੂੰ ਪੂਰਾ ਕੀਤਾ।

  ਇਬਰਾਨੀਆਂ 12:2-3 ਅਤੇ ਯਿਸੂ ਦੀ ਵੱਲ ਤੱਕਦੇ ਰਹੀਏ ਜਿਹੜਾ ਨਿਹਚਾ ਦਾ ਕਰਤਾ ਅਤੇ ਸੰਪੂਰਨ ਕਰਨ ਵਾਲਾ ਹੈ, ਜਿਹ ਨੇ ਉਸ ਅਨੰਦ ਨਮਿੱਤ ਜੋ ਉਹ ਦੇ ਅੱਗੇ ਧਰਿਆ ਹੋਇਆ ਸੀ ਲਾਜ ਨੂੰ ਤੁੱਛ ਜਾਣ ਕੇ ਸਲੀਬ ਦਾ ਦੁੱਖ ਝੱਲਿਆ ਅਤੇ ਪਰਮੇਸ਼ੁਰ ਦੇ ਸਿੰਘਾਸਣ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ। (3) ਤੁਸੀਂ ਉਹ ਨੂੰ ਸੋਚੋ ਜਿਹ ਨੇ ਆਪਣੇ ਉੱਤੇ ਪਾਪੀਆਂ ਦੀ ਐਡੀ ਲਾਗਬਾਜ਼ੀ ਸਹਿ ਲਈ ਭਈ ਨਾ ਹੋਵੇ ਜੋ ਤੁਸੀਂ ਅੱਕ ਕੇ ਆਪਣੇ ਜੀ ਵਿੱਚ ਢਿੱਲੇ ਪੈ ਜਾਓ।

- ਮੈਂ ਨਿਹਚਾ ਦੀ ਸਾਂਭ ਕੀਤੀ ਹੈ। ਉਸ ਨੇ ਪਰਮੇਸ਼ੁਰ ਦੇ ਪੂਰੇ ਉਪਦੇਸ਼ ਦਾ ਪ੍ਰਚਾਰ ਕੀਤਾ, ਉਸ ਨੇ ਪਵਿੱਤਰ ਆਤਮਾ ਦੁਆਰਾ ਦਿੱਤੀਆਂ ਗਈਆਂ ਸੱਚਾਈਆਂ ਨਾਲ ਕਦੇ ਵੀ ਧੋਖਾ ਨਹੀਂ ਕੀਤਾ।

  ਰਸੂਲਾਂ ਦੇ ਕਰਤੱਬ 20:24, 27 ਪਰੰਤੂ ਮੈਂ ਆਪਣੇ ਲਈ ਆਪਣੀ ਜਾਨ ਨੂੰ ਕਿਸੇ ਤਰਾਂ ਪਿਆਰੀ ਨਹੀਂ ਸਮਝਦਾ ਹਾਂ ਤਾਂ ਜੋ ਮੈਂ ਆਪਣੀ **ਦੌੜ ਨੂੰ** ਅਤੇ **ਉਸ ਟਹਿਲ ਨੂੰ ਪੂਰੀ ਕਰਾਂ** ਜਿਹੜੀ ਮੈਂ ਪਰਮੇਸ਼ੁਰ ਦੀ ਕਿਰਪਾ ਦੀ ਖੁਸ਼ ਖਬਰੀ ਉੱਤੇ ਸਾਖੀ ਹੋਣ ਲਈ ਪ੍ਰਭੂ ਯਿਸੂ ਤੋਂ ਪਾਈ ਸੀ . . . (27) ਕਿਉਂ ਜੋ ਮੈਂ ਤੁਹਾਨੂੰ ਪਰਮੇਸ਼ੁਰ ਦੀ ਸਾਰੀ ਮੱਤ ਦੱਸਣ ਤੋਂ ਨਹੀਂ ਝਕਿਆ।

  ਰਸੂਲਾਂ ਨੇ ਮਸੀਹ ਦੇ ਨਿਆਂ ਦੇ ਸਿੰਘਾਸਣ ਵੱਲ ਤੱਕਿਆ ਜਿੱਥੇ ਧਰਮ ਦਾ ਮੁਕਟ ਉਨ੍ਹਾਂ ਨੂੰ ਦਿੱਤਾ ਜਾਵੇਗਾ ਜਿਨ੍ਹਾਂ ਉਹ ਦੇ ਪਰਕਾਸ਼ ਹੋਣ ਨੂੰ ਪਿਆਰਾ ਜਾਣਿਆ।

  ਜੇਕਰ ਅਸੀਂ **ਸੱਚਮੁੱਚ** ਪ੍ਰਭੂ ਯਿਸੂ ਮਸੀਹ ਨਾਲ **ਪਿਆਰ** ਕਰਦੇ ਹਾਂ ਅਤੇ ਉਸ ਦੇ ਨਾਲ ਰਹਿਣ ਅਤੇ ਧਰਤੀ ਉੱਤੇ ਉਸ ਦੇ ਧਰਮ ਦੇ ਰਾਜ ਨੂੰ ਵੇਖਣ ਦੀ ਦਿਲੋਂ ਇੱਛਾ ਕਰਦੇ ਹਾਂ, ਤਾਂ ਅਸੀਂ ਗੰਭੀਰਤਾ ਨਾਲ ਪ੍ਰਾਰਥਨਾ

ਕਰਾਂਗੇ: *"ਹੇ ਪ੍ਰਭੂ ਯਿਸੂ ਆ, ਤੇਰਾ ਰਾਜ ਆਵੇ, ਤੇਰੀ ਮਰਜ਼ੀ ਜਿਹੀ ਸੁਰਗ ਵਿੱਚ ਪੂਰੀ ਹੁੰਦੀ ਹੈ ਜਮੀਨ ਉੱਤੇ ਵੀ ਹੋਵੇ"।* ਅਤੇ **ਇਹ ਸਾਡੀਆਂ ਤਰਜੀਹਾਂ ਅਤੇ ਸਾਡੇ ਜੀਵਨ ਜੀਉਣ ਦੇ ਢੰਗ ਨੂੰ ਬਦਲ ਦੇਵੇਗਾ।**

ਇੱਕ ਵਿਸ਼ਵਾਸੀ ਲਈ ਸਾਡੇ ਪ੍ਰਭੂ ਅਤੇ ਮੁਕਤੀਦਾਤਾ ਯਿਸੂ ਮਸੀਹ ਦੇ ਦੂਸਰੇ ਆਗਮਨ ਲਈ **ਪਿਆਰ** ਭਰੇ ਦਿਲ ਨਾਲ ਉਡੀਕ ਕਰਨਾ ਕਿੰਨਾ ਮਹੱਤਵਪੂਰਣ ਹੈ, ਤਾਂ ਕਿ ਉਹ **ਧਰਮ ਦਾ ਮੁਕਟ** ਪ੍ਰਾਪਤ ਕਰੇ।

1 ਯੂਹੰਨਾ 2:28 ਅਤੇ ਹੁਣ ਹੇ ਬੱਚਿਓ, ਤੁਸੀਂ ਉਹ ਦੇ ਵਿੱਚ ਕਾਇਮ ਰਹੋ ਭਈ ਜਦ ਉਹ ਪਰਗਟ ਹੋਵੇ ਤਾਂ ਸਾਨੂੰ ਦਿਲੇਰੀ ਹੋਵੇ ਅਤੇ ਉਹ ਦੇ ਆਉਣ ਦੇ ਵੇਲੇ ਅਸੀਂ ਉਹ ਦੇ ਅੱਗੇ ਲੱਜਿਆਵਾਨ ਨਾ ਹੋਈਏ।

ਪਰਕਾਸ਼ ਦੀ ਪੋਥੀ 3:11 **ਮੈਂ ਛੇਤੀ ਆਉਂਦਾ ਹਾਂ। ਜੋ ਕੁਝ ਤੇਰੇ ਕੋਲ ਹੈ ਸੋ ਤਕੜਾਈ ਨਾਲ ਫੜੀ ਰੱਖ ਕਿਤੇ ਐਉਂ ਨਾ ਹੋਵੇ ਭਈ ਕੋਈ ਤੇਰਾ ਮੁਕਟ ਲੈ ਜਾਵੇ।**

## **VII.** ਤੇਜ ਦਾ ਮੁਕਟ

1 ਪਤਰਸ 5:1-4 ਜਿਹੜੇ **ਬਜ਼ੁਰਗ** ਤੁਹਾਡੇ ਵਿੱਚ ਹਨ ਮੈਂ ਜੋ ਉਨ੍ਹਾਂ ਦੇ ਨਾਲ ਦਾ ਬਜ਼ੁਰਗ ਅਤੇ ਮਸੀਹ ਦੇ ਦੁੱਖਾਂ ਦਾ ਗਵਾਹ ਨਾਲੇ ਓਸ ਤੇਜ ਵਿੱਚ ਜੋ ਪਰਕਾਸ਼ ਹੋਣ ਵਾਲਾ ਹੈ ਸਾਂਝੀ ਹਾਂ ਓਹਨਾਂ ਅੱਗੇ ਇਹ ਬੇਨਤੀ ਕਰਦਾ ਹਾਂ। (2) ਭਈ ਤੁਸੀਂ ਪਰਮੇਸ਼ੁਰ ਦੇ ਉਸ ਇੱਜੜ ਦੀ ਜੋ ਤੁਹਾਡੇ ਵਿੱਚ ਹੈ **ਚਰਵਾਹੀ ਕਰੋ** ਪਰ ਲਚਾਰੀ ਨਾਲ ਨਹੀਂ ਸਗੋਂ ਖੁਸ਼ੀ ਨਾਲ ਪਰਮੇਸ਼ੁਰ ਦੀ ਇੱਛਿਆ ਅਨੁਸਾਰ ਅਤੇ ਨਾ ਝੂਠੇ ਨਫ਼ੇ ਦੇ ਕਾਰਨ ਸਗੋਂ ਮਨ ਦੀ ਚਾਹ ਨਾਲ। (3) ਅਤੇ ਓਹਨਾਂ ਉੱਤੇ ਜਿਹੜੇ ਤੁਹਾਡੇ ਸਪੁਰਦ ਹਨ ਹੁਕਮ ਨਾ ਚਲਾਓ ਸਗੋਂ ਇੱਜੜ ਦੇ ਲਈ **ਨਮੂਨਾ** ਬਣੋ। (4) ਤਾਂ ਜਿਸ ਵੇਲੇ ਸਰਦਾਰ ਅਯਾਲੀ ਪਰਗਟ ਹੋਵੇਗਾ ਤੁਹਾਨੂੰ **ਤੇਜ ਦਾ ਉਹ ਮੁਕਟ** ਮਿਲੇਗਾ ਜਿਹੜਾ ਕੁਮਲਾਉਂਦਾ ਨਹੀਂ।

ਤੇਜ ਦਾ ਮੁਕਟ ਵਫ਼ਾਦਾਰ ਅਤੇ ਆਗਿਆਕਾਰੀ ਚਰਵਾਹੇ ਦੇ ਲਈ ਇੱਕ ਇਨਾਮ ਹੈ ਜਿਸ ਨੂੰ ਪਰਮੇਸ਼ੁਰ ਨੇ ਆਪਣੇ ਲੋਕਾਂ ਦੀ ਅਗਵਾਈ ਕਰਨ ਅਤੇ ਸਿਖਾਉਣ ਲਈ ਰੱਖਿਆ ਹੈ। ਜਦੋਂ ਮੁੱਖ ਚਰਵਾਹਾ ਪਰਕਾਸ਼ ਹੋਵੇਗਾ ਤਾਂ ਉਹ ਇਸ ਇਨਾਮ ਨੂੰ ਪ੍ਰਾਪਤ ਕਰਨਗੇ। ਇਹ ਸਦੀਪਕ ਹੈ; ਇਹ ਕੁਮਲਾਉਂਦਾ ਨਹੀਂ।

ਉਹ ਇਸ ਤੇਜ ਦੇ ਮੁਕਟ ਨੂੰ ਇਸ ਦੇ ਦੁਆਰਾ ਪਾਉਣਗੇ:

- ਪਰਮੇਸ਼ੁਰ ਦੇ ਇੱਜੜ ਨੂੰ ਚਾਰਨ ਦੇ ਦੁਆਰਾ। ਉਨ੍ਹਾਂ ਨੇ ਬਿਨ੍ਹਾਂ ਪੱਖਪਾਤ ਅਤੇ ਡਰ ਤੋਂ ਪਰਮੇਸ਼ੁਰ ਦੇ ਬਚਨ ਦਾ ਪ੍ਰਚਾਰ ਕਰਨਾ ਹੈ; ਅਤੇ ਜਦੋਂ ਲੋੜ ਹੈ ਪੂਰੀ ਧੀਰਜ ਅਤੇ ਸਿੱਖਿਆ ਨਾਲ ਝਿੜਕ ਦਿਹ, ਤਾੜਨਾ ਅਤੇ ਤਗੀਦ ਕਰ (2 ਤਿਮੋਥਿਉਸ 4:2-5)।

- ਕਲੀਸਿਯਾ ਦੀ ਆਤਮਿਕ ਨਿਗਾਹਬਾਨੀ ਕਰਨ ਲਈ। ਪਰਮੇਸ਼ੁਰ ਦੇ ਲੋਕਾਂ ਨੂੰ ਪ੍ਰਚਾਰ ਕੀਤੇ ਸੰਦੇਸ਼ ਲਈ ਉਹ ਜ਼ਿੰਮੇਵਾਰ ਹਨ। ਕਿਸੇ ਵੀ ਪਾਸਬਾਨ ਨੂੰ ਲੋਕਾਂ ਨੂੰ ਖੁਸ਼ ਕਰਨ ਲਈ ਪ੍ਰਚਾਰ ਨਹੀਂ ਕਰਨਾ ਚਾਹੀਦਾ; ਉਸ ਨੇ ਆਪਣੇ ਪਰਮੇਸ਼ੁਰ ਨੂੰ ਖੁਸ਼ ਕਰਨਾ ਹੈ। ਕੀ ਮੈਂ ਹੁਣ ਮਨੁੱਖਾਂ ਨੂੰ ਮਨਾਉਂਦਾ ਹਾਂ ਯਾ ਪਰਮੇਸ਼ੁਰ ਨੂੰ? ਅਥਵਾ ਕੀ ਮੈਂ ਮਨੁੱਖਾਂ ਨੂੰ ਰਿਝਾਇਆ ਚਾਹੁੰਦਾ ਹਾਂ? ਜੇ ਮੈਂ ਅਜੇ ਤੋੜੀ ਮਨੁੱਖਾਂ ਨੂੰ ਰਿਝਾਉਂਦਾ ਰਹਿੰਦਾ ਤਾਂ

ਮੈਂ ਮਸੀਹ ਦਾ ਦਾਸ ਨਾ ਹੁੰਦਾ। ਗਲਾਤੀਆਂ 1:10

- ਕਲੀਸਿਯਾ ਦੇ ਲਈ ਇੱਕ ਉਦਾਹਰਣ ਬਣਨ ਦੇ ਦੁਆਰਾ। ਉਹ ਪੈਸੇ ਦੇ ਫਲ ਲਈ ਸੇਵਾ ਕਰਨ ਲਈ ਨਹੀਂ ਹਨ। ਫਿਰ ਵੀ ਕਲੀਸਿਯਾ ਪਾਸਬਾਨ ਦੀ ਦੇਖਭਾਲ ਕਰਨ ਲਈ ਅਤੇ ਪਾਸਬਾਨ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਜ਼ਿੰਮੇਵਾਰ ਹੈ। ਉਸ ਨੇ ਆਤਮਿਕ ਆਗੂ ਬਣਨਾ ਹੈ, ਨਾ ਕਿ ਇੱਕ ਤਾਨਾਸ਼ਾਹ। 1 ਤਿਮੋਥਿਉਸ 5:18 ਕਿਉਂ ਜੋ ਧਰਮ ਪੁਸਤਕ ਇਹ ਆਖਦੀ ਹੈ ਭਈ ਤੂੰ ਗਾਹੁੰਦੇ ਹੋਏ ਬਲਦ ਦੇ ਮੂੰਹ ਛਿੱਕਲੀ ਨਾ ਚਾੜ੍ਹ, ਨਾਲੇ ਇਹ ਭਈ ਕਾਮਾ ਆਪਣੀ ਮਜੂਰੀ ਦਾ ਹੱਕਦਾਰ ਹੈ।

1 ਯੂਹੰਨਾ 2:28 **ਅਤੇ ਹੁਣ ਹੇ ਬੱਚਿਓ, ਤੁਸੀਂ ਉਹ ਦੇ ਵਿੱਚ ਕਾਇਮ ਰਹੋ ਭਈ ਜਦ ਉਹ ਪਰਗਟ ਹੋਵੇ ਤਾਂ ਸਾਨੂੰ ਦਿਲੇਰੀ ਹੋਵੇ ਅਤੇ ਉਹ ਦੇ ਆਉਣ ਦੇ ਵੇਲੇ ਅਸੀਂ ਉਹ ਦੇ ਅੱਗੇ ਲੱਜਿਆਵਾਨ ਨਾ ਹੋਈਏ।**

ਲੂਕਾ 17:10 ਇਸ ਤਰਾਂ **ਤੁਸੀਂ ਵੀ ਜਾਂ ਓਹ ਸਾਰੇ ਕੰਮ** ਜਿਨ੍ਹਾਂ ਦਾ ਤੁਹਾਨੂੰ ਹੁਕਮ ਦਿੱਤਾ ਗਿਆ **ਪੂਰੇ ਕਰ ਚੁੱਕੋ** ਤਾਂ ਕਹੋ ਭਈ ਅਸੀਂ ਨਿਕੰਮੇ ਬੰਦੇ ਹਾਂ, **ਜੋ ਕੁਝ ਸਾਨੂੰ ਕਰਨਾ ਉਚਿਤ ਸੀ ਅਸਾਂ ਉਹੀ ਕੀਤਾ।**

ਪਰਕਾਸ਼ ਦੀ ਪੋਥੀ 3:11

ਮੈਂ ਛੇਤੀ ਆਉਂਦਾ ਹਾਂ। ਜੋ ਕੁਝ ਤੇਰੇ ਕੋਲ ਹੈ ਸੋ ਤਕੜਾਈ ਨਾਲ ਫੜੀ ਰੱਖ ਕਿਤੇ ਐਉਂ ਨਾ ਹੋਵੇ ਭਈ ਕੋਈ ਤੇਰਾ ਮੁਕਟ ਲੈ ਜਾਵੇ।

ਸ਼ੁਕਰਾਨੇ, ਕੁਝ ਭਾਗ ਦਾ ਕ੍ਰਿਸਚਿਅਨ ਲਾਈਫ਼ ਨਿਊ ਟੇਸਟਾਮੈਂਟ, ਥੋਮਸ ਨੇਲਸਨ, ਪਬਲਿਸ਼ਰਸ ਤੋਂ ਲਿਆ ਗਿਆ ਹੈ